# ਪੰਜਾਬੀ ਪਰਵਾਜ਼

Punjabi Parwaz

ਅੰਕ ਪੰਜਵਾਂ: 22 ਜੁਲਾਈ 2023 (ਸ਼ਿਕਾਗੋ)

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com

www.punjabiparwaz.com


# ਸਿਰਫ ਪ੍ਰਸਿੱਧੀ ਖਾਤਿਰ !

'For the sake of fame he can go in to the face of death also' ਯਾਨਿ 'ਪ੍ਰਸਿੱਧੀ ਖਾਤਿਰ ਉਹ ਮੌਤ ਦੇ ਮੂੰਹ ਵਿੱਚ ਵੀ ਜਾ ਸਕਦਾ ਹੈ।' ਸ਼ਾਇਦ ਇਹ ਸਤਰਾਂ ਵਿਲੀਅਮ ਸ਼ੇਕਸਪੀਅਰ ਦੇ ਨਾਟਕ 'ਜੂਲੀਅਸ ਸੀਜ਼ਰ' ਦੀਆਂ ਹਨ। ਇਨ੍ਹਾਂ ਸਤਰਾਂ ਵਿੱਚੋਂ ਉਦੋਂ ਸ਼ੜਯੰਤਰ ਦੀ ਬੋਅ ਆਉਣ ਲੱਗ ਜਾਂਦੀ ਹੈ, ਜਦੋਂ ਨੀਅਤ ਵਿੱਚ ਖੋਟ ਆਣ ਰਲੀ ਹੋਵੇ। ਇਹ ਸਤਰਾਂ ਐਨ ਉਸ ਵਕਤ ਜ਼ਹਿਨ ਵਿੱਚ ਉਤਰ ਆਈਆਂ


ਕੁਲਜੀਤ ਦਿਆਲਪੁਰੀ


ਸਨ, ਜਦੋਂ ਪੰਜਾਬ ਦੇ ਬਹੁਤੇ ਸਿਆਸਤਦਾਨ ਆਪਣੇ ਲਾਮ-ਲਸ਼ਕਰ ਸਮੇਤ ਹੜ੍ਹਾਂ ਦੀ ਮਾਰ ਹੇਠ ਆਏ ਇਲਾਕਿਆਂ ਵਿੱਚ ਉਤਰ ਆਏ- ਪਜਾਮਿਆਂ ਤੇ ਪੈਂਟਾਂ ਦੀਆਂ ਮੂਹਰੀਆਂ ਚੜ੍ਹਾਏ ਬਿਨਾ ਅਤੇ ਮੂਹਰੀਆਂ ਚੜ੍ਹਾ ਕੇ ਵੀ। ਕੌਣ ਹੜ੍ਹ ਪੀੜਤਾਂ ਦੀ ਮਦਦ ਲਈ ਆਇਆ ਤੇ ਕੌਣ ਮਹਿਜ਼ 'ਪ੍ਰਸਿੱਧੀ' ਲਈ, ਇਹ ਵੀ ਸਿਆਸਤ ਦਿਆਂ ਮਹਾਂਰਥੀਆਂ ਦੇ ਖੇਖਣਾਂ ਨੇ ਜ਼ਾਹਰ ਕਰ ਦਿੱਤਾ ਹੈ; ਕਿਉਂਕਿ 'ਸਿਆਸਤਬਾਜ਼ ਸੇਵਾਦਾਰਾਂ' ਨੂੰ ਪਤਾ ਹੈ ਕਿ ਜਿੰਨਾ ਉਹ 'ਫਰਜ਼ੀ ਫਿਕਰ' ਕਰਦਿਆਂ ਦੀਆਂ ਤਸਵੀਰਾਂ ਖਿਚਵਾ ਕੇ ਅਤੇ ਵੀਡੀਓ ਬਣਾ-ਬਣਵਾ ਕੇ ਸੋਸ਼ਲ ਮੀਡੀਆ ਉਤੇ ਪਾਉਣਗੇ, ਉਨਾ ਹੀ ਉਨ੍ਹਾਂ ਦੀ 'ਪ੍ਰਸਿੱਧੀ ਦੇ ਢੋਲ' ਵੱਜਣਗੇ ਤੇ ਨਾਲ ਨਾਲ 'ਨੇਕ-ਨੀਅਤੀ' ਦਾ ਪ੍ਰਗਟਾਵਾ ਵੀ ਹੋਵੇਗਾ। ਹੜ੍ਹਾਂ ਕਾਰਨ ਉਪਜੀ ਸਥਿਤੀ ਮੌਕੇ ਸਾਰੇ ਸਿਆਸਤਦਾਨ ਭਾਵੇਂ ਇਸ ਕਿਸਮ ਦੀ ਸ਼੍ਰੇਣੀ ਵਿੱਚ ਨਾ ਆਏ ਹੋਣ, ਪਰ ਬਹੁਤਿਆਂ ਦੀਆਂ ਕਾਰਵਾਈਆਂ ਤੇ ਬਿਆਨਬਾਜ਼ੀਆਂ ਤੋਂ ਇਹੋ ਝਲਕ ਰਿਹਾ ਸੀ ਕਿ ਉਹ ਤ੍ਰਾਸਦਿਕ ਘੜੀ ਵਿੱਚ ਵੀ ਸਿਆਸੀ ਮਨਸਾ ਦਾ ਤਿਆਗ ਕਰਨ ਨੂੰ ਤਿਆਰ ਨਹੀਂ। ਮੌਕਾ ਵੇਖ ਕੇ ਤਨਜ਼ਾਂ ਕੱਸਣ ਵਾਲੇ ਜਿਹੜੇ ਸਿਆਸੀ ਲੋਕ ਹੁਣ ਲੋੜ ਪੈਣ 'ਤੇ ਰੂਹਪੋਸ਼ ਜਿਹੇ ਹੋ ਗਏ ਲੱਗਦੇ ਹਨ, ਉਨ੍ਹਾਂ ਨੂੰ ਲੋਕਾਂ ਦਾ ਕਿੰਨਾ ਕੁ ਹੇਜ ਹੈ, ਵੀ ਲੁਕਿਆ ਨਹੀਂ ਰਹਿ ਗਿਆ।

ਇਸ ਮੌਕੇ ਵੀ ਸਿਆਸਦਾਨਾਂ ਵਲੋਂ ਮੌਜੂਦਾ ਸਰਕਾਰ ਤੇ ਪਿਛਲੀਆਂ ਸਰਕਾਰਾਂ ਦੀ ਨਾਅਹਿਲੀਅਤ ਦਾ ਰਾਗ ਅਲਾਪਿਆ ਜਾਣਾ, ਸਿਰਫ ਤੇ ਸਿਰਫ ਇੱਕ ਧਿਰ ਵੱਲੋਂ ਦੂਜੀ ਧਿਰ ਦੇ ਸਿਰ ਭਾਂਡਾ ਭੰਨਣ ਦੀ ਕਵਾਇਦ ਜਿਹਾ ਹੈ। ਖ਼ੈਰ, ਕੁਦਰਤ ਦੇ ਕਹਿਰ ਅੱਗੇ ਕਿਸ ਦਾ ਜ਼ੋਰ! ਪਰ ਸਮੇਂ ਸਮੇਂ ਦੀਆਂ ਸਰਕਾਰਾਂ ਦੌਰਾਨ ਪ੍ਰਸ਼ਾਸਨਿਕ ਪੱਧਰ ਉਤੇ ਹੋਈਆਂ ਅਣ-ਗਹਿਲੀਆਂ ਜਾਂ ਗਲਤੀਆਂ ਦੀ ਜ਼ਿੰਮੇਵਾਰੀ ਕੌਣ ਲਵੇ? ਕਿਸੇ ਵੀ ਕਿਸਮ ਦੀ ਬਿਪਤਾ ਨਾਲ ਸਾਂਝੇ ਤੌਰ 'ਤੇ ਨਜਿੱਠਣ ਦੀ ਥਾਂ ਸੂਬੇ ਦੀਆਂ ਸਿਆਸੀ ਧਿਰਾਂ ਵੱਲੋਂ ਜ਼ਿਆਦਾਤਰ ਇੱਕ-ਦੂਜੇ ਦੇ ਖਿਲਾਫ ਦੂਸ਼ਣਬਾਜ਼ੀਆਂ, ਆਪਸੀ ਖਹਿਬੜਨ ਤੇ ਸੌੜੀ ਸਿਆਸੀ ਸੋਚ ਦਾ ਖੁਲ੍ਹੇਆਮ ਪ੍ਰਗਟਾਵਾ ਸੂਬੇ ਦੀ ਬਿਹਤਰੀ ਲਈ ਉੱਕਾ ਹੀ ਸਹੀ ਨਹੀਂ ਹੈ। ਉਤੋਂ ਸਿਤਮਜ਼ਰੀਫੀ ਇਹ ਕਿ ਅਜਿਹੇ ਦੁਖਾਂਤਕ ਮੌਕਿਆਂ ਉਤੇ 'ਪ੍ਰਸਿੱਧੀ ਖੱਟਣ ਵਾਲੀ ਪਹੁੰਚ' ਹਰ ਆਮ-ਖਾਸ ਸਿਆਸਤਦਾਨ ਵਿੱਚ ਹੋਰ ਵੀ ਵਧਦੀ ਜਾ ਰਹੀ ਹੈ, ਜਿਸ ਨਾਲ ਉਨ੍ਹਾਂ ਦੀ ਮਾਨਸਿਕਤਾ ਦਾ ਭੇਤ ਵੀ ਜ਼ਾਹਰ ਹੋ ਰਿਹਾ ਹੈ। ਇਸ ਸਭ ਰੌਲ਼ੇ-ਗੌਲ਼ੇ ਵਿੱਚ ਸਾਰਥਿਕ ਪਹੁੰਚਾਂ ਕਿਧਰੇ ਗੁੰਮ ਹੋ ਜਾਂਦੀਆਂ ਹਨ। ਮੌਸਮੀ ਤੇ ਗੈਰ-ਮੌਸਮੀ ਆਫਤਾਂ ਤੋਂ ਬਚਾਓ ਲਈ ਅਗਾਊਂ ਵਿਉਂਤਬੰਦੀਆਂ ਅਕਸਰ ਸਿਆਸਤ ਦੀ ਭੇਟ ਚੜ੍ਹ ਕੇ ਰਹਿ ਜਾਂਦੀਆਂ ਹਨ; ਤੇ ਆਫਤਾਂ ਦੀ ਮਾਰ ਦੌਰਾਨ ਤੇ ਇਸ ਦੇ ਕਿੰਨਾ ਚਿਰ ਪਿੱਛੋਂ ਵੀ, ਲੋਕ ਸਿਰਫ ਖੱਜਲਖੁਆਰੀ ਝੱਲਦੇ ਰਹਿੰਦੇ ਹਨ।

ਇਹ ਗੱਲ ਤਸੱਲੀ ਵਾਲੀ ਹੈ ਕਿ ਅਜਿਹੇ ਮੌਕਿਆਂ 'ਤੇ ਆਮ ਲੋਕ ਹੀ ਇੱਕ-ਦੂਜੇ ਲਈ ਮਦਦਗਾਰ ਸਾਬਤ ਹੋਏ ਹਨ ਤੇ ਹੋ ਰਹੇ ਹਨ। ਪਾਰਟੀਬਾਜ਼ੀ ਤੋਂ ਉਪਰ ਉਠ ਕੇ ਨਿੱਜੀ ਤੌਰ 'ਤੇ ਮਦਦ ਲਈ ਹੰਭਲੇ ਮਾਰਨਾ, ਆਮ ਲੋਕਾਂ ਵਿੱਚ ਇਨਸਾਨੀਅਤ ਦੇ ਜਿਉਂਦੀ ਹੋਣ ਦੀ ਸ਼ਾਹਦੀ ਹੈ। ਇਹ ਵੀ ਸਪਸ਼ਟ ਹੈ ਕਿ ਕੁਦਰਤੀ ਕਹਿਰਾਂ ਜਾਂ ਔਖੇ ਵੇਲਿਆਂ ਵਿੱਚ ਪੀੜਤ ਪਰਿਵਾਰਾਂ ਦੀ 'ਆਪਣੇ ਘਰੋਂ ਮਦਦ ਲਈ' ਕੋਈ ਸਿਆਸਤਦਾਨ ਅੱਗੇ ਨਹੀਂ ਆਉਂਦਾ। ਘਰਾਂ ਵਿੱਚ ਪਾਣੀ ਭਰ ਜਾਣ ਕਾਰਨ ਫਸੇ ਬੈਠੇ ਪਰਿਵਾਰਾਂ ਨੂੰ ਆਮ ਲੋਕਾਂ ਜਾਂ ਕੁਝ ਕੁ ਸੇਵਾ-ਭਾਵਨਾ ਵਾਲੀਆਂ ਜਥੇਬੰਦੀਆਂ ਵੱਲੋਂ ਸੁਰੱਖਿਅਤ ਥਾਂਵਾਂ 'ਤੇ ਪਹੁੰਚਾਉਣਾ ਅਤੇ ਹੜ੍ਹ ਪੀੜਤਾਂ ਤੱਕ ਲੰਗਰ-ਪਾਣੀ ਵਗੈਰਾ ਪੁੱਜਦਾ ਕਰਨਾ ਬਹੁਤ ਹੀ ਸ਼ਲਾਘਾਯੋਗ ਹੈ। ਮਨੁੱਖਤਾ ਦੀ ਅਜਿਹੀ ਨਿਰਸਵਾਰਥ ਸੇਵਾ ਤੇ ਉਨ੍ਹਾਂ ਦਾ ਸਹਾਰਾ ਬਣਨ ਲਈ ਤਰ੍ਹਾਂ ਤਰ੍ਹਾਂ ਦੇ ਤਰੱਦਦ ਕਰਨਾ, ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖ ਰਹੇ ਹਨ। ਜ਼ਾਹਰ ਹੈ ਕਿ ਇਹ ਸਭ 'ਸਿਰਫ ਪ੍ਰਸਿੱਧੀ ਲਈ' ਤਾਂ ਉੱਕਾ ਹੀ ਨਹੀਂ ਹੈ। ਮੁਸੀਬਤ ਵਿੱਚ ਫਸੇ ਲੋਕਾਂ ਲਈ ਸੱਚੀਓਂ ਫਿਕਰਮੰਦੀ ਅਤੇ ਉਨ੍ਹਾਂ ਵੱਲੋਂ ਅਜਿਹੇ ਵੇਲੇ ਮੁਸੀਬਤਾਂ ਝੱਲ ਕੇ ਇੱਕ-ਦੂਜੇ ਪ੍ਰਤੀ ਮਦਦਗਾਰ ਸਾਬਤ ਹੋਣ ਦਾ ਫਰਜ਼ ਅਦਾ ਕਰਨਾ ਜ਼ਿੰਦਗੀ ਦੇ ਅਸਲ ਮਾਇਨਿਆਂ ਨਾਲ ਭਰਪੂਰ ਹੈ। ਸਰਬੱਤ ਦੇ ਭਲੇ ਦਾ ਇਹ ਪ੍ਰਤੱਖ ਰੂਪ ਹੈ, ਜੋ ਫੋਕੀ ਸ਼ੁਹਰਤ ਤੋਂ ਨਿਰਲੇਪ ਹੈ।

ਹੜ੍ਹ ਦੀ ਮਾਰ ਹੇਠ ਆਏ ਇਲਾਕਿਆਂ ਵਿੱਚ ਜਾਨ-ਮਾਲ ਦੇ ਹੋਏ ਨੁਕਸਾਨ ਦੀ ਭਰਪਾਈ ਤਾਂ ਨਹੀਂ ਹੋਵੇਗੀ, ਪਰ ਉਨ੍ਹਾਂ ਲੋਕਾਂ ਦੇ ਹੌਸਲੇ ਅੱਗੇ ਸਿਰ ਝੁਕਦਾ ਹੈ, ਜੋ ਆਪਣੇ ਪਰਿਵਾਰਾਂ ਸਮੇਤ ਲੋੜਵੰਦ ਪਰਿਵਾਰਾਂ ਨੂੰ ਮੁਸੀਬਤ ਵਿੱਚੋਂ ਕੱਢਣ ਲਈ ਜਾਨ ਜੋਖਮ ਵਿੱਚ ਪਾ ਕੇ ਜੂਝ ਰਹੇ ਸਨ। ਕਿਸੇ ਸਿਆਣੇ ਦਾ ਕਥਨ ਵੀ ਹੈ, 'ਮੁਸੀਬਤਾਂ ਨੂੰ ਝੱਲਣਾ ਹੀ ਜ਼ਿੰਦਗੀ ਹੈ!' ਜਾਂ 'ਔਖੇ ਵਕਤਾਂ ਵਿੱਚੋਂ ਲੰਘ ਕੇ ਹੀ ਜ਼ਿੰਦਗੀ ਦੇ ਅਸਲ ਮਾਇਨੇ ਸਮਝ ਆਉਂਦੇ ਹਨ।' ਜਿਨ੍ਹਾਂ ਜਥੇਬੰਦੀਆਂ ਦੇ ਵਾਲੰਟੀਅਰ ਵੀ ਮੂਹਰੇ ਹੋ ਸੇਵਾ ਵਿੱਚ ਨਿੱਤਰੇ, ਉਨ੍ਹਾਂ ਵੀ ਮਿਸਾਲੀ ਭੂਮਿਕਾ ਨਿਭਾਈ। ਆਮ ਵਰਗ ਲਈ ਜਿਸ ਕਿਸਮ ਦਾ ਸਹਾਰਾ ਆਮ ਵਰਗ ਹੀ ਬਣਦਾ ਹੈ, ਉਹੋ ਜਿਹੇ ਸਹਾਰੇ ਦੀ ਆਸ ਸਿਆਸੀ ਵਰਗ ਤੋਂ ਕਦੇ ਵੀ ਨਹੀਂ ਕੀਤੀ ਜਾ ਸਕਦੀ; ਸੱਤਾ ਦੀਆਂ ਕੁੰਜੀਆਂ ਭਾਵੇਂ ਕਿਸੇ ਵੀ ਧਿਰ ਦੇ ਹੱਥ ਕਿਉਂ ਨਾ ਹੋਣ! ਸਾਰੀ ਦਾਲ ਕੋਕੜੂਆਂ ਦੀ ਬੇਸ਼ੱਕ ਨਾ ਹੋਵੇ, ਪਰ ਦਾਲ ਵਿੱਚ ਕੋਕੜੂ ਹੁੰਦੇ ਜ਼ਰੂਰ ਹਨ!



ਹਿੰਮਤ ਦੇ ਰੰਗ: ਲੋਕਾਂ ਨੇ ਪੰਜ ਦਿਨਾਂ ਦੀ ਮਿਹਨਤ ਨਾਲ ਬੰਨ੍ਹ ਦਾ ਪਾੜ ਪੂਰਿਆ



ਮੌਕੇ ਦਾ ਜਾਇਜ਼ਾ: ਹੜ੍ਹ ਦੇ ਪਾਣੀ ਵਿੱਚ ਉਤਰੇ ਮੁੱਖ ਮੰਤਰੀ ਭਗਵੰਤ ਮਾਨ

ਇਸ ਦੇ ਉਲਟ ਬਿਪਤਾ ਮੌਕੇ ਅਕਸਰ ਵੱਡੇ ਵੱਡੇ ਸਨਅਤੀ ਘਰਾਣਿਆਂ (ਕੁਝ ਨੂੰ ਛੱਡ ਕੇ, ਪਰ ਉਹ ਵੀ ਮਦਦ ਕੁਝ ਹੱਦ ਤੱਕ ਕਰਦੇ ਹਨ), ਵੱਡੇ ਤੇ ਨਾਮੀ ਧਾਰਮਿਕ ਡੇਰਿਆਂ ਅਤੇ ਸਿਆਸੀ ਤੌਰ 'ਤੇ ਫੰਡ ਇਕੱਤਰ ਕਰਨ ਵਾਲੀਆਂ ਸਿਆਸੀ ਤੇ ਗੈਰ-ਸਿਆਸੀ ਪਾਰਟੀਆਂ ਸਮੇਤ ਨਿੱਜੀ ਮੁਫਾਦ ਲਈ ਸਰਗਰਮ ਅਨਸਰ ਆਪਣੀ ਤਰਫੋਂ ਬਿਪਤਾ ਮਾਰੇ ਲੋਕਾਂ ਨੂੰ ਵਿੱਤੀ ਮਦਾਦ ਦੇਣ ਤੋਂ ਪਾਸਾ ਹੀ ਵੱਟ ਜਾਂਦੇ ਹਨ।

ਇੱਕ ਦੁਖਦ ਪਹਿਲੂ ਇਹ ਵੀ ਹੈ ਕਿ ਅਜਿਹੇ ਸਮੇਂ ਦੌਰਾਨ ਮਦਦ ਕਰਨ ਦੇ ਬਹਾਨੇ ਫੰਡ ਇਕੱਤਰ ਕਰਨ ਵਾਲੇ ਅਨਸਰ ਵੀ ਮੌਕੇ ਦਾ ਫਾਇਦਾ ਉਠਾਉਣ ਦੀ ਨੀਅਤ ਨਾਲ 'ਕਥਿਤ ਸੇਵਾਦਾਰਾਂ' ਦੇ ਭੇਸ ਵਿੱਚ ਆ ਜਾਂਦੇ ਹਨ, ਜਿਨ੍ਹਾਂ ਨੂੰ ਪਛਾਣਨਾ ਕਿਸੇ ਇਮਤਿਹਾਨ ਤੋਂ ਘੱਟ ਨਹੀਂ। ਹਾਲਾਂਕਿ ਲੋਕ-ਭਲਾਈ ਦੇ ਕਾਰਜ ਲਈ ਭਲੇ ਲੋਕਾਂ ਵੱਲੋਂ ਦਿੱਤੇ ਜਾਂਦੇ ਫੰਡਾਂ ਨਾਲ ਪੀੜਤ ਲੋਕਾਂ ਦੀ ਕਾਫੀ ਮਦਦ ਹੋ ਜਾਂਦੀ ਹੈ, ਪਰ ਫੰਡ ਡੱਕਾਰੇ ਜਾਣ ਦੀ ਸਮੱਸਿਆ ਗੰਭੀਰ ਤੌਰ 'ਤੇ ਬਣੀ ਰਹਿੰਦੀ ਹੈ। ਹੁਣ ਹੜ੍ਹ ਪੀੜਤਾਂ ਦੀ ਮਦਦ ਦੇ ਨਾਂ 'ਤੇ ਕੁਝ ਕਥਿਤ ਜਥੇਬੰਦੀਆਂ ਨੇ ਫੰਡ ਇਕੱਠਾ ਕਰਨ ਦਾ ਸਿਲਸਿਲਾ ਅਰੰਭ ਦਿੱਤਾ ਹੈ ਅਤੇ ਕਈਆਂ ਨੇ ਸੋਸ਼ਲ ਮੀਡੀਆ ਜ਼ਰੀਏ ਬੈਂਕ ਅਕਾਊਂਟ ਦੇ ਨਾਲ ਨਾਲ ਸੰਪਰਕ ਨੰਬਰ ਵੀ ਦਿੱਤੇ ਹਨ। ਪੰਜਾਬ ਭਰ ਵਿੱਚ ਹੀ ਨਹੀਂ, ਪਰਵਾਸੀ ਪੰਜਾਬੀਆਂ ਤੱਕ ਵੀ ਇਸ ਔਖੀ ਘੜੀ ਵਿੱਚ ਭਾਵਨਾਤਮਕ ਅਪੀਲ ਪਾਈ ਗਈ ਹੈ; ਪਰ ਹੜ੍ਹਾਂ ਦੇ ਨਾਂ 'ਤੇ ਵਿਅਕਤੀਗਤ ਅਤੇ ਜਥੇਬੰਦਕ ਤੌਰ 'ਤੇ ਇਕੱਤਰ ਕੀਤੇ ਜਾਣ ਵਾਲੇ ਫੰਡ ਕਿਸ ਲੇਖੇ ਲੱਗਣੇ ਹਨ, ਇਹ ਭੇਤ ਬਰਕਰਾਰ ਹੈ। ਜ਼ਾਹਰ ਹੈ ਕਿ 'ਫੰਡ-ਅਨਸਰ' ਅਜਿਹੇ ਮੌਕੇ 'ਪ੍ਰਸਿੱਧੀ ਦੇ ਨਾਲ ਨਾਲ ਵਿੱਤੀ ਲਾਭ' ਵੀ ਲੈ ਜਾਂਦੇ ਹਨ। ਲੋੜਵੰਦਾਂ ਦੀ ਮਦਦ ਜ਼ਿੰਮੇਵਾਰੀ ਤੇ ਸਮਰਥਾ ਮੁਤਾਬਕ ਕੀਤੀ ਜਾਣੀ ਚਾਹੀਦੀ ਹੈ, ਪਰ ਰਾਹ ਸਾਨੂੰ ਆਪ ਚੁਣਨਾ ਪਵੇਗਾ- ਸੌਖਾ ਬੇਸ਼ਕ ਨਾ ਹੋਵੇ, ਪਰ ਸਿੱਧਾ ਜ਼ਰੂਰ ਹੋਵੇ!

ਨੋਟ: ਲੇਖਕ ਆਪਣੀਆਂ ਲਿਖਤਾਂ ਅਤੇ ਪਾਠਕ ਆਪਣੇ ਵਿਚਾਰ "ਪੰਜਾਬੀ ਪਰਵਾਜ਼" ਦੀ ਈਮੇਲ punjabiparwaz@gmail.com ਉਤੇ ਭੇਜ ਸਕਦੇ ਹਨ।

## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

PAO
www.paochicago.org

# Punjabi American Organization

ਵਲੋਂ ਮਾਣ ਨਾਲ ਪੇਸ਼ ਹੈ ਮਿਡਵੈਸਟ ਦਾ 19ਵਾਂ ਰੰਗਾਰੰਗ ਪ੍ਰੋਗਰਾਮ


# Teeyan Da Mela-2023

## ਤੀਆਂ ਦਾ ਮੇਲਾ-2023

## July 30th, 2023 - Sunday



Chief Guest
Dr. Darshan Singh Dhaliwal
& Debra Dhaliwal



Satwinder Bitti

*Time: 10:30 AM to 4:00 PM*

**Cotillion Banquets**

360 S. Creekside Dr, Palatine, IL 60074

Live Performance by World Famous Punjabi Singer Satwinder Bitti

Grand Sponsor
PROFESSIONAL HEALTHCARE LAB, INC

Scan QR for Tickets

**Join us and enjoy**
Giddha, Dholki, Singing, Dancing, Mehndi, Shopping and Food

Tickets: General- $40 *VIP- $100
*VIP Table- $1000
*Kids 6 years to 12 years - $20
*Kids under 5 years - Free admission

Special attraction of the Event
**Shaunkan Mele Di**
**ਸ਼ੌਂਕਣ ਮੇਲੇ ਦੀ**
For Participants requirements, contact any team member.

- *Lunch will be served between 12pm to 2pm*
- *Food included with the ticket price*








Programme Hosted by
Gurleen Kaur
*TV Host/MC*

*For General inquiries & Sponsors*

Minni Multani 630-935-5239
Naina Singh 847-828-9412
Jasmeet Suga 630-673-6300
Joti Khaira 630-277-1649
Raj Mago 630-890-1362
Naiha Walia 847-687-9074
Jeevan Dhami 847-409-4675
Pinki Walia 847-999-8720
Prabh Khaira 630-267-2107
Sukhi Singh 847-917-3664
Rosie Rehal 630-699-8555
Sheetal 630-442-3334

*Performances/Stalls* Shaloo Chhabra 813-317-6815 Gurpreet K. Singh 630-677-6144
*Tickets* Kamal Hunjan 630-673-5156 Pammi Sangha 630-965-2930 Jolly Dandona 847-630-6417

"Volunteers and new members needed. High school volunteers will get community service hours"

Design by Kuljeet Dyalpuri

PAO
www.paochicago.org

# Punjabi American Organization

## "ਤੀਆਂ ਦਾ ਮੇਲਾ-2023" ਦੇ ਮਾਣਯੋਗ ਸਪਾਂਸਰ

## Grand Sponsors

**Jasmeet & Jasbir Suga**
SUGA BUILDERS & CONSTRUCTION
COMMERCIAL & RESIDENTIAL
LICENSED • BONDED • INSURED

**Jodi and Mac Bhamra**

**Minni and Gulzar Singh**
PAN-OCEANIC ENGINEERING CO., INC.
General Contractor (certified MBE)

## Sponsors

**Malinder (Rani) K. Dandona**

**Jagjit & Sarbjit Sehra**
J K Cargo Trucking Co.

**Satwant K. Kaler**
Kaler Brothers

**Kamal and Lucky Sahota**
Safeway Transportation Services Corp.

**Sukhi and Jesse Singh**
RE/MAX AMERICAN DREAM
Call for best Residential / Commercial Real Estate and Mortgage deals.
Ph: 847-606-3664

**Naina & Devinder Singh**
THE GODDARD SCHOOL® FOR EARLY CHILDHOOD DEVELOPMENT



Owner - Naina Singh
Chicago - West Loop
312-625-8866

**Satwant and Avtar S. Multani**




**Vibha Rajput**
Saiba Plaza

Gurpreet Singh
Retirement & Insurance Advisor
FUTURITY FIRST Retirement | Life | Health
1211 W 22nd Street
Suite #110
Oak Brook, IL 60523
P: 630-537-0990
C: 630-677-6144
F: 630-537-1371
PreetiSingh@ffig.com



Member MDRT® Leader's Conference Sales Builder Awards
futurityfirst.com/Gurpreet-Singh

**Joti & Dr. Harjinder Khaira**
FAMILY AND COSMETIC DENTISTRY
LAKE STREET DENTAL
630.894.8008

We Can Help You With
Buying Selling
Investing Managing
Call For More Info:
+1 847-322-5832
www.pradeepsinghrealtor.com
ishowhomes@yahoo.com
20 S Roselle Rd
Schaumburg IL 60193



Pradeep Singh
Realtor (14 Years of Experience)

**Kamal & Inder Hunjan**

**Polly & Gurinder Grewal**

**Raj & Bhupinder Dhaliwal**

**Punjab Sports Club, Chicago**

SWERA Women Support Group
ਸਵੇਰਾ
SIKH WOMEN ERA

MAGIC FRAMEZ PRODUCTIONS
WEDDING PHOTOGRAPHY AND VIDEOGRAPHY SERVICES
+1 630-432-3476
karsh@magicframez.ca
WWW.MAGICFRAMEZ.COM

**Kajol and Rahul Gill**
Regal Jewels
Ph: 773-262-4377
www.Regaljewels.Com



1995 - 2023 NEW YORK LIFE 28 Years ANNIVERSARY
SUNIL SHAH
(847) 309 4462

**Sher-E-Punjab Sports Club, Chicago**

Design by Kuljeet Dyalpuri

Rupi and Savi Attal
Pammi & Amritpal Sangha
Hardeep Gill

Madeep & Harkewal Lally
Deep & Parminder Walia
Sarajit and Harinder Singh MIT

Alka & Parjesh Patel
Creative Lending Solutions
Rita and Sanjeev Singh

# ਪੰਜਾਬ ਵਿੱਚ ਹੜ੍ਹ: ਕਾਰਨ ਅਤੇ ਹੱਲ

**ਕਰਮ ਬਰਸਟ**
**ਫੋਨ: +91-9417073831**



ਭਾਰਤ ਵਿੱਚ ਕਿਸੇ ਇੱਕ ਜਾਂ ਬਹੁਤੇ ਸੂਬਿਆਂ ਵਿੱਚ ਹਰ ਸਾਲ ਹੜ੍ਹ ਆਉਣੇ ਭਿਣਕ ਆਮ ਵਰਤਾਰਾ ਬਣ ਚੁੱਕਿਆ ਹੈ। ਇਸ ਵਾਰ ਕਈ ਦਹਾਕਿਆਂ ਵਾਂਗ ਉੱਤਰੀ ਭਾਰਤ ਹੜ੍ਹਾਂ ਦੀ ਮਾਰ ਹੇਠ ਆਇਆ ਹੈ। ਮੌਸਮ ਵਿਭਾਗ ਦੇ ਮਾਹਿਰਾਂ ਅਨੁਸਾਰ ਇਹ ਹੜ੍ਹ ਵਾਤਾਵਰਣਿਕ ਤਬਦੀਲੀਆਂ ਦਾ ਨਤੀਜਾ ਹਨ। ਇਹ ਇੱਕ ਅਧੂਰੀ ਸੱਚਾਈ ਹੈ। ਅਸਲ ਵਿੱਚ ਮਨੁੱਖ ਨੇ ਪਹਾੜਾਂ, ਜੰਗਲਾਂ ਅਤੇ ਨਦੀਆਂ-ਨਾਲ਼ਿਆਂ ਦੇ ਕੁਦਰਤੀ ਵਹਿਣਾਂ ਨਾਲ ਛੇੜ-ਛਾੜ ਕਰਕੇ ਜੋ ਮੂਰਖਤਾਵਾਂ ਕੀਤੀਆਂ ਹਨ, ਉਨ੍ਹਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਕੁਝ ਦਹਾਕੇ ਪਹਿਲਾਂ ਉੱਘੇ ਵਾਤਾਵਰਣ ਪ੍ਰੇਮੀ ਸਵਰਗੀ ਸੁੰਦਰ ਲਾਲ ਬਹੁਗੁਣਾ ਨੇ ਦਰਖ਼ਤਾਂ ਨੂੰ ਬਚਾਉਣ ਲਈ 'ਚਿਪਕੋ ਅੰਦੋਲਨ' ਚਲਾਇਆ ਸੀ ਅਤੇ ਟੀਹਰੀ ਡੈਮ ਬਣਨ ਦਾ ਡਟਵਾਂ ਵਿਰੋਧ ਕੀਤਾ ਸੀ; ਪਰ ਹਾਕਮਾਂ ਅਤੇ ਪ੍ਰਸ਼ਾਸਨ ਨੇ ਡੈਮਾਂ ਦੀ ਉਸਾਰੀ ਵਿੱਚ ਲੱਗੇ ਕਾਰਪੋਰੇਟਾਂ ਦੇ ਹਿਤਾਂ ਦੀ ਪੂਰਤੀ ਲਈ 'ਵਿਕਾਸ' ਦੇ ਵਿਨਾਸਮਈ ਮਾਡਲ ਨੂੰ ਲਾਗੂ ਕਰਨਾ ਜਾਰੀ ਰੱਖਿਆ। ਜੇ ਬਹੁਗੁਣਾ ਦੀ ਗੱਲ ਮੰਨ ਲਈ ਹੁੰਦੀ ਤਾਂ ਬਦਰੀਨਾਥ ਸ਼ਹਿਰ ਦੀ ਤਬਾਹੀ ਨਾ ਹੁੰਦੀ; ਕੁਲੂ-ਮਨਾਲੀ-ਮਨੀਕਰਨ ਵਰਗੇ ਟੂਰਿਸਟ ਸਥਾਨਾਂ ਨੂੰ ਬਰਬਾਦੀ ਦਾ ਮੂੰਹ ਨਾ ਦੇਖਣਾ ਪੈਣਾ। ਉਤਰਾਖੰਡ, ਹਿਮਾਚਲ ਅਤੇ ਪੰਜਾਬ ਦੇ ਦੱਖਣੀ ਪੂਰਬੀ ਇਲਾਕਿਆਂ ਵਿੱਚ ਹੜ੍ਹਾਂ ਨੇ ਜੋ ਤਬਾਹੀ ਮਚਾਈ ਹੈ, ਉਹ ਮੌਸਮੀ ਤਬਦੀਲੀਆਂ ਤੋਂ ਵੱਧ ਕੇ, ਮਨੁੱਖ ਵੱਲੋਂ ਕੁਦਰਤ ਨਾਲ ਕੀਤੇ ਖਿਲਵਾੜ ਦਾ ਨਤੀਜਾ ਵੱਧ ਲੱਗਦੀ ਹੈ।

ਊਰਜਾ, ਵਾਤਾਵਰਣ ਅਤੇ ਪਾਣੀ ਬਾਰੇ ਕੌਂਸਲ (CEEW) ਦੇ ਪ੍ਰੋਗਰਾਮ ਲੀਡਰ ਅਬਿਨਾਸ਼ ਮੋਹੰਤੀ ਦਾ ਮੰਨਣਾ ਹੈ ਕਿ ਬਹੁਤ ਜ਼ਿਆਦਾ ਮੀਂਹ ਕਾਰਨ ਆਏ ਹੜ੍ਹਾਂ ਵਿੱਚ ਹੋ ਰਿਹਾ ਵਾਧਾ ਮਨੁੱਖਤਾ ਲਈ ਮੌਤ ਦੀ ਘੰਟੀ ਹੈ। ਬੇਤਰਤੀਬੇ ਸ਼ਹਿਰੀਕਰਨ ਨਾਲ ਆਉਣ ਵਾਲੇ ਸਾਲਾਂ ਵਿੱਚ ਵਿਗਾੜ ਦੇ ਇਨ੍ਹਾਂ ਰੁਝਾਨਾਂ ਵਿੱਚ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ, ਪੰਜਾਬ, ਅਸਾਮ, ਗੁਜਰਾਤ ਅਤੇ ਮਹਾਰਾਸ਼ਟਰ ਵਿੱਚ ਹੜ੍ਹਾਂ ਦੇ ਭੂ-ਦ੍ਰਿਸ਼ ਮਨ ਵਿਘਨ ਦੁਆਰਾ ਵਧੇ ਗਰਮ ਮੌਸਮ ਦੇ ਖਤਰਿਆਂ ਦਾ ਪ੍ਰਮਾਣ ਹਨ। ਜਲਵਾਯੂ ਪਰਿਵਰਤਨ ਮੌਸਮੀ ਪਰਿਵਰਤਨਸ਼ੀਲਤਾ ਵਿੱਚ ਵਿਘਨ ਪਾ ਰਿਹਾ ਹੈ ਅਤੇ ਇਨ੍ਹਾਂ ਗੰਭੀਰ ਹੜ੍ਹਾਂ ਦੀਆਂ ਘਟਨਾਵਾਂ ਦਾ ਮੁੱਖ ਕਾਰਨ ਮਨੁੱਖੀ ਅਤੇ ਮੌਸਮੀ ਦਖਲਅੰਦਾਜ਼ੀ ਹੈ।

ਤਾਜ਼ਾ ਖੋਜਾਂ ਦਰਸਾਉਂਦੀਆਂ ਹਨ ਕਿ ਇੱਕ ਪਾਸੇ ਖੁਸ਼ਕ ਦਿਨਾਂ ਦੀ ਗਿਣਤੀ ਵਧ ਰਹੀ ਹੈ ਅਤੇ ਦੂਜੇ ਪਾਸੇ ਘੱਟ ਦਿਨਾਂ ਦੀ ਅਨਿਯਮਿਤ ਅਤੇ ਨਿਰੰਤਰ ਬਾਰਸ਼ ਦੀਆਂ ਘਟਨਾਵਾਂ ਸਾਰੀਆਂ ਹੱਦਾਂ ਬੰਨ੍ਹੇ ਤੋੜ ਰਹੀਆਂ ਹਨ। ਭਾਰਤੀ ਮੌਸਮ ਵਿਭਾਗ ਅਨੁਸਾਰ 2012 ਤੋਂ ਲੈ ਕੇ ਅੱਜ ਤੱਕ ਦੇਸ਼ ਵਿੱਚ ਭਾਰੀ ਬਾਰਿਸ਼ ਦੇ ਮਾਮਲਿਆਂ ਵਿੱਚ ਲਗਭਗ 85% ਦਾ ਵਾਧਾ ਹੋਇਆ ਹੈ। ਭਾਰਤ ਦੱਖਣ-ਪੱਛਮੀ ਮੌਨਸੂਨ 'ਤੇ ਬਹੁਤ ਜ਼ਿਆਦਾ ਨਿਰਭਰ ਹੋ ਰਿਹਾ ਹੈ ਅਤੇ ਪਿਛਲੇ ਕੁਝ ਦਹਾਕਿਆਂ ਵਿੱਚ ਬਾਰਸ਼ਾਂ ਦਾ ਇਹ ਵਰਤਾਰਾ ਜਲਵਾਯੂ ਪਰਿਵਰਤਨ ਦੇ ਕਾਰਨ ਵਧੇਰੇ ਅਨਿਯਮਿਤ ਅਤੇ ਅਚਾਨਕ ਵਾਪਰ ਰਿਹਾ ਹੈ।

ਕੀ ਮੌਸਮੀ ਤਬਦੀਲੀ ਮੌਨਸੂਨ ਦੇ ਪੈਟਰਨ ਨੂੰ ਵਿਗਾੜ ਸਕਦੀ ਹੈ? ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਮੁੰਬਈ ਵਿਖੇ ਸਿਵਲ ਇੰਜੀਨੀਅਰਿੰਗ ਅਤੇ ਅੰਤਰ-ਅਨੁਸ਼ਾਸਨੀ ਪ੍ਰੋਗਰਾਮ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਅਰਪਿਤਾ ਮੰਡਲ ਨੇ ਮੌਸਮ ਅਤੇ ਬਾਰਸ਼ਾਂ ਦੇ ਆਪਸੀ ਸਬੰਧਾਂ ਬਾਰੇ ਚਰਚਾ ਕਰਦਿਆਂ ਦੱਸਿਆ ਹੈ ਕਿ ਜਲਵਾਯੂ ਪਰਿਵਰਤਨ ਗ੍ਰੀਨਹਾਉਸ ਗੈਸਾਂ ਦੇ ਨਿਕਾਸ ਦੀ ਅਗਵਾਈ ਕਰਦਾ ਹੈ, ਜੋ ਵਾਤਾਵਰਣ ਨੂੰ ਗਰਮ ਕਰਦੀਆਂ ਹਨ। ਤਾਪਮਾਨ ਵਿਚ ਆ ਰਹੀ ਹਰ ਡਿਗਰੀ ਸੈਲਸੀਅਸ ਤਪਸ਼ ਨਾਲ 7% ਜ਼ਿਆਦਾ ਨਮੀ ਹੋ ਸਕਦੀ ਹੈ। ਵਾਤਾਵਰਣ ਜਿੰਨਾ ਨਿੱਘਾ ਹੁੰਦਾ ਹੈ, ਓਨੀ ਹੀ ਇਹ ਜ਼ਿਆਦਾ ਨਮੀ ਰੱਖ ਸਕਦਾ ਹੈ। ਸਧਾਰਨ ਸ਼ਬਦਾਂ ਵਿੱਚ ਕਹਿਣਾ ਹੋਵੇ ਤਾ ਇਹ ਇੱਕ ਸਪੰਜ ਵਾਂਗ ਕੰਮ ਕਰਦਾ ਹੈ। ਇਹ ਉਦੋਂ ਤੱਕ ਪਾਣੀ ਨੂੰ ਸੋਖਦਾ ਰਹਿੰਦਾ ਹੈ, ਜਦੋਂ ਤੱਕ ਇਹ ਹੋਰ ਨਹੀਂ ਰੱਖ ਸਕਦਾ। ਫੇਰ ਅਚਾਨਕ ਹੀ ਸਾਰਾ ਪਾਣੀ ਇਕਦਮ ਇਕੱਠੇ ਹੀ ਛੱਡ ਦਿੰਦਾ ਹੈ। ਬਦਲਾਂ ਦਾ ਫਟਣਾ ਇਹੋ ਜਿਹੀ ਹੀ ਪ੍ਰਕਿਰਿਆ ਹੈ। ਇਸ ਤਰ੍ਹਾਂ ਵਾਤਾਵਰਣ ਦੇ ਗਰਮ ਹੋ ਜਾਣ ਕਾਰਨ ਬਹੁਤ ਜ਼ਿਆਦਾ ਬਾਰਿਸ਼ ਹੁੰਦੀ ਹੈ।

ਊਰਜਾ, ਵਾਤਾਵਰਣ ਅਤੇ ਪਾਣੀ ਬਾਰੇ ਕੌਂਸਲ ਜੋ ਇਸ ਵੇਲੇ ਭਾਰਤ ਲਈ ਇੱਕ ਜਲਵਾਯੂ ਦੇ ਜੋਖਮ ਸਬੰਧੀ ਐਟਲਸ ਦਾ ਵਿਕਾਸ ਕਰ ਰਹੀ ਹੈ, ਦਾ ਕਹਿਣਾ ਹੈ ਕਿ ਭਾਰਤ ਦੇ 75% ਜ਼ਿਲ੍ਹੇ ਬਾਰਸ਼ ਦੀਆਂ ਖਤਰਨਾਕ ਘਟਨਾਵਾਂ ਵਾਲੇ ਨਾਜ਼ੁਕ ਬਿੰਦੂ ਹਨ, ਜਿਨ੍ਹਾਂ ਵਿੱਚੋਂ ਅੱਗੇ 60% ਤੋਂ ਹੜ੍ਹਾਂ ਦੀਆਂ ਵਧੇਰੇ ਸੰਭਾਵਨਾਵਾਂ ਵਾਲੇ ਹੌਟਸਪੌਟ ਹਨ। ਮੌਸਮੀ ਤਬਦੀਲੀ ਵੀ ਮੌਸਮੀ ਪਰਿਵਰਤਨਸ਼ੀਲਤਾ ਵਿੱਚ ਵਿਘਨ ਪਾ ਰਹੀ ਹੈ। 40% ਜ਼ਿਲ੍ਹੇ ਇੱਕ ਅਦਲਾ-ਬਦਲੀ ਦੇ ਰੁਝਾਨ ਨੂੰ ਦਰਸਾ ਰਹੇ ਹਨ ਭਾਵ ਰਵਾਇਤੀ ਹੜ੍ਹ ਖੇਤਰ ਸੋਕੇ ਦਾ ਅਤੇ ਸੋਕੇ ਵਾਲੇ ਹੜ੍ਹਾਂ ਦਾ ਸਿਕਾਰ ਬਣ ਰਹੇ ਹਨ। ਇਸ ਤਰ੍ਹਾਂ ਆਉਣ ਵਾਲੇ ਦਹਾਕਿਆਂ ਵਿੱਚ ਇੱਕ ਪਾਸੇ ਭਾਰੀ ਵਰਖਾ ਅਤੇ ਦੂਜੇ ਪਾਸੇ ਸੋਕਾ-ਗ੍ਰਸਤ ਇਲਾਕਿਆਂ ਵਿਚ ਤੇਜ ਵਾਧਾ ਹੋ ਸਕਦਾ ਹੈ। ਇਸ ਤਰ੍ਹਾਂ ਮੋਹੰਤੀ ਮੁਤਾਬਕ 80 ਫੀਸਦੀ ਜ਼ਿਲ੍ਹੇ ਜਲਵਾਯੂ ਘਟਨਾਵਾਂ ਲਈ ਅਤਿ ਨਾਜ਼ੁਕ ਹੋਣਗੇ।

ਅਜਿਹੀਆਂ ਪੇਸ਼ੀਨਗੋਈਆਂ ਦੇ ਬਾਵਜੂਦ ਅਤੇ ਵਿਨਾਸ਼ਕਾਰੀ ਤਬਦੀਲੀਆਂ ਦੇ ਹੁੰਦਿਆਂ ਜਲਵਾਯੂ ਪਰਿਵਰਤਨ ਤੇ ਮੌਨਸੂਨ ਵਿਚਕਾਰ ਸਬੰਧ ਦੀ ਪੁਸ਼ਟੀ ਕਰਨ ਵਾਲੀ ਵਿਸਥਾਰੀ ਖੋਜ ਦੀ ਘਾਟ ਜਾਪਦੀ ਹੈ। ਜਦੋਂ ਭਾਰੀ ਵਰਖਾ ਤੇ ਹੜ੍ਹਾਂ ਲਈ ਜਲਵਾਯੂ ਪਰਿਵਰਤਨ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਗੱਲ ਆਉਂਦੀ ਹੈ, ਤਾਂ ਸਾਡੇ ਵਿਗਿਆਨੀਆਂ ਵਿੱਚ ਆਤਮਵਿਸ਼ਵਾਸ ਦੀ ਘਾਟ ਰੜਕਦੀ ਹੈ। ਕਾਰਨ ਇਹ ਹੈ ਕਿ ਸਾਡੇ ਮਾਡਲ ਅਜੇ ਤੱਕ ਜਲਵਾਯੂ ਤਾਪਮਾਨ ਨੂੰ ਬਿਹਤਰ ਢੰਗ ਨਾਲ ਪ੍ਰਦਰਸ਼ਤ ਨਹੀਂ ਕਰ ਪਾ ਰਹੇ। ਭਾਰਤ ਵਿੱਚ ਵਿਸ਼ੇਸ਼ ਤੌਰ 'ਤੇ, ਮੌਨਸੂਨ ਪ੍ਰਣਾਲੀ ਨੂੰ ਸਮਝਣਾ ਔਖਾ ਹੈ ਅਤੇ ਇਸ ਤਰ੍ਹਾਂ ਭਾਰੀ ਬਾਰਸ਼ ਦੀਆਂ ਘਟਨਾਵਾਂ ਬਾਰੇ ਬਹੁਤ ਅਧਿਐਨ ਦੀ ਘਾਟ ਪਾਈ ਜਾ ਰਹੀ ਹੈ। ਮੰਡਲ ਦਾ ਮੰਨਣਾ ਹੈ ਕਿ ਅਸੀਂ ਤਾਪਮਾਨ ਦੀ ਬਜਾਏ ਜਲਵਾਯੂ ਪਰਿਵਰਤਨ ਲਈ ਗਰਮ ਪੌਣਾਂ/ਲੂਆਂ ਨੂੰ ਜ਼ਿੰਮੇਵਾਰ ਠਹਿਰਾਉਣ ਵਿੱਚ ਵਧੇਰੇ ਵਿਸ਼ਵਾਸ ਰੱਖਦੇ ਹਾਂ।

ਭਾਰਤ ਦੀ 60% ਤੋਂ ਵੱਧ ਖੇਤੀ ਮੌਨਸੂਨ 'ਤੇ ਨਿਰਭਰ ਹੈ। ਇਸ ਲਈ ਬਾਰਸ਼ਾਂ ਵਿੱਚ ਘਾਟ ਜਾਂ ਵਾਧ ਸਾਡੇ ਦੇਸ਼ ਦੀ ਖੇਤੀ ਆਰਥਿਕਤਾ 'ਤੇ ਬੁਰਾ ਪ੍ਰਭਾਵ ਪਾ ਦਿੰਦੀ ਹੈ। ਪੰਜਾਬ ਵੱਲ ਧਿਆਨ ਮਾਰਿਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਇੱਥੇ ਸੌਣ ਦੀ ਝੜੀ ਵਾਲੇ ਲਗਾਤਾਰ ਮੀਂਹ ਪੈਣ ਦੀ ਬਜਾਏ ਥੋੜ੍ਹ-ਚਿਰੇ ਅਚਾਨਕ ਭਾਰੀ ਮੀਂਹ ਪਏ ਹਨ। ਪਾਣੀ ਨੂੰ ਧਰਤੀ ਵਿੱਚ ਸਮਾਏ ਜਾਣ ਦਾ ਮੌਕਾ ਹੀ ਨਹੀਂ ਮਿਲਿਆ। ਇਸ ਲਈ ਪਾਣੀ ਹੜ੍ਹ ਬਣ ਕੇ ਵਗ ਤੁਰਿਆ ਅਤੇ ਜਾਨੀ ਨੁਕਸਾਨ ਸਮੇਤ ਫਸਲਾਂ ਤੇ ਘਰ-ਬਾਰਾਂ ਦੀ ਤਬਾਹੀ ਦਾ ਕਾਰਨ ਬਣ ਗਿਆ।

ਪੰਜਾਬ ਵਿੱਚ ਹੜ੍ਹ ਕਿਸ ਕਾਰਨ ਆਏ ਹਨ? ਅਚਾਨਕ ਹੋਈ ਭਾਰੀ ਬਾਰਿਸ਼ ਕਾਰਨ ਪੰਜਾਬ ਵਿੱਚ ਸਤਲੁਜ, ਬਿਆਸ, ਰਾਵੀ ਅਤੇ ਘੱਗਰ ਸਮੇਤ ਕਈ ਦਰਿਆਵਾਂ ਦਾ ਪਾਣੀ ਬੰਨ੍ਹ ਤੋੜ ਕੇ ਵਹਿ ਤੁਰਿਆ। ਮਿਸਾਲ ਵਜੋਂ ਜਲੰਧਰ ਦੇ ਪਿੰਡਾਂ ਵਿੱਚ ਸਤਲੁਜ ਦਰਿਆ ਵਿੱਚ ਪਾੜ ਪੈਣ ਕਾਰਨ ਹੜ੍ਹ ਆ ਗਏ। ਸਤਲੁਜ ਦੇ ਓਵਰਫਲੋ ਹੋਣ ਕਾਰਨ ਪੰਜਾਬ ਪੁਲਿਸ ਅਕੈਡਮੀ ਫਿਲੌਰ ਵਿੱਚ ਪਾਣੀ ਦਾਖਲ ਹੋ ਗਿਆ ਅਤੇ ਕਈ ਪਿੰਡਾਂ ਨੂੰ ਖਾਲੀ ਕਰਵਾਉਣਾ ਪਿਆ। ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਨਵਾਂਸ਼ਹਿਰ ਜ਼ਿਲ੍ਹਿਆਂ ਵਿੱਚ ਸਤਲੁਜ, ਬਿਆਸ ਅਤੇ ਇਸ ਦੀਆਂ ਸਹਾਇਕ ਬਰਸਾਤੀ ਨਦੀਆਂ ਦੇ ਬੰਨ੍ਹਾਂ 'ਤੇ ਸਥਿਤ ਪਿੰਡਾਂ, ਜਰਨੈਲੀ ਅਤੇ ਲਿੰਕ ਸੜਕਾਂ ਵਿੱਚ ਪਾਣੀ ਜਮ੍ਹਾਂ ਹੋਣ ਦੀਆਂ ਕਈ ਘਟਨਾਵਾਂ ਵਾਪਰ ਗਈਆਂ। ਇਸੇ ਤਰ੍ਹਾਂ ਪਟਿਆਲਾ ਜ਼ਿਲ੍ਹੇ ਵਿੱਚ ਘੱਗਰ ਦਰਿਆ ਦੇ ਓਵਰਫਲੋਅ ਹੋਣ ਕਾਰਨ ਕਈ ਪਿੰਡ ਪਾਣੀ ਵਿੱਚ ਡੁੱਬ ਗਏ। ਤਿੰਨ ਦਿਨਾਂ ਵਿੱਚ ਹੋਈ ਰਿਕਾਰਡ ਬਰਸਾਤ ਨੇ ਨਾਲੀਆਂ ਅਤੇ ਸਾਈਫਨਾਂ ਦੇ ਮੂੰਹ ਬੰਦ ਕਰ ਦਿੱਤੇ ਤੇ ਸਥਾਨਕ ਹੜ੍ਹਾਂ ਦਾ ਕਾਰਨ ਬਣ ਗਈ।

ਕਈ ਸ਼ਹਿਰਾਂ ਵਿੱਚ ਮਾੜੀ ਯੋਜਨਾਬੰਦੀ ਦੇ ਸਿੱਟੇ ਵਜੋਂ ਤੇਜ ਗਤੀ ਦੇ ਸੀਵਰਾਂ ਦੀ ਅਣਹੋਂਦ ਕਾਰਨ ਪਾਣੀ ਘਰਾਂ ਵਿੱਚ ਦਾਖਲ ਹੋਣ ਨਾਲ ਹੜ੍ਹ ਵਰਗੀ ਸਥਿਤੀ ਦਾ ਸਾਹਮਣਾ ਕਰਨਾ ਪਿਆ। ਇਸ ਤਰ੍ਹਾਂ ਪਟਿਆਲਾ, ਲੁਧਿਆਣਾ, ਜਲੰਧਰ, ਬਠਿੰਡਾ ਅਤੇ ਅੰਮ੍ਰਿਤਸਰ ਸਮੇਤ ਸਾਰੇ ਵੱਡੇ ਸ਼ਹਿਰ ਪ੍ਰਭਾਵਿਤ ਹੋਏ। ਸਾਡੇ ਸ਼ਹਿਰ ਬਰਸਾਤੀ ਪਾਣੀ ਦੇ ਨਿਕਾਸ ਲਈ ਸੈਨੇਟਰੀ ਸੀਵਰੇਜ ਪ੍ਰਣਾਲੀਆਂ 'ਤੇ ਨਿਰਭਰ ਹਨ ਅਤੇ ਜਦੋਂ ਇੰਨੀ ਭਾਰੀ ਬਾਰਿਸ਼ ਹੋਈ, ਸੈਨੇਟਰੀ ਸੀਵਰੇਜ ਪਾਣੀ ਨੂੰ ਸੰਭਾਲਣ ਦੇ ਯੋਗ ਨਹੀਂ ਸਨ, ਜਿਸ ਕਾਰਨ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ ਸੀ।

ਵੱਡੀ ਨਦੀ ਦੇ ਓਵਰਫਲੋਅ ਹੋਣ ਕਾਰਨ ਜਿੱਥੇ ਪਟਿਆਲਾ ਸ਼ਹਿਰ ਦੇ ਕੁਝ ਹਿੱਸਿਆਂ ਵਿੱਚ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ, ਉਥੇ ਹੀ ਮੋਹਾਲੀ ਜਿਲ੍ਹੇ ਵਿੱਚ ਘੱਗਰ ਦਰਿਆ ਦਾ ਪਾਣੀ ਘਰਾਂ ਵਿੱਚ ਦਾਖਲ ਹੋ ਗਿਆ।

ਇਹ ਵੀ ਚਿੰਤਾ ਦਾ ਵਿਸ਼ਾ ਹੈ ਕਿ ਡੈਮਾਂ ਦੇ ਨਿਰਮਾਣ ਹੋਣ ਤੋਂ ਬਾਅਦ ਵੀ ਦਰਿਆਵਾਂ ਨੂੰ ਖ਼ਤਰਾ ਕਿਉਂ ਪੈਦਾ ਹੁੰਦਾ ਰਹਿੰਦਾ ਹੈ? ਡੈਮਾਂ ਦੀ ਨਿਯਮਤ ਰੱਖ-ਰਖਾਅ ਅਤੇ ਦੇਖਭਾਲ ਲਈ ਉਚਿਤ ਧਿਆਨ ਤੇ ਫੰਡਾਂ ਦੀ ਲੋੜ ਹੁੰਦੀ ਹੈ। ਜੇ ਮੌਨਸੂਨ ਸੀਜ਼ਨ ਤੋਂ ਪਹਿਲਾਂ ਹਰ ਸਾਲ ਬੰਨ੍ਹ ਮਜ਼ਬੂਤ ਨਹੀਂ ਹੁੰਦੇ ਹਨ, ਤਾਂ ਇਹ ਟੁੱਟ ਜਾਣਗੇ ਅਤੇ ਹੜ੍ਹਾਂ ਦਾ ਕਾਰਨ ਬਣ ਜਾਣਗੇ। ਪਰ ਹਰ ਵਾਰ, ਸਾਨੂੰ ਦੱਸਿਆ ਜਾਂਦਾ ਹੈ ਕਿ ਡਰੇਨੇਜ਼ ਮਹਿਕਮੇ ਕੋਲ ਕੋਈ ਫੰਡ ਹੀ ਨਹੀਂ ਹਨ। ਡਰੇਨੇਜ ਕਦੇ ਵੀ ਸਾਡੀਆਂ ਸਰਕਾਰਾਂ ਦੀ ਤਰਜੀਹ ਸੂਚੀ ਵਿੱਚ ਨਹੀਂ ਆਉਂਦਾ। ਨਦੀਆਂ ਨਾਲ਼ਿਆਂ ਦੀ ਅੰਨ੍ਹੇਵਾਹ ਖੁਦਾਈ ਵੀ ਸਮੱਸਿਆਵਾਂ ਨੂੰ ਵਧਾ ਰਹੀ ਹੈ। ਰੇਤ ਦੀ ਖੁਦਾਈ ਕਰਨ ਵਾਲੇ ਬੰਨ੍ਹਾਂ ਦੇ ਨੇੜੇ ਕਿਨਾਰਿਆਂ 'ਤੇ ਖੁਦਾਈ ਕਰਦੇ ਹਨ, ਜਿਸ ਨਾਲ ਬੰਨ੍ਹ ਕਮਜ਼ੋਰ ਹੋ ਜਾਂਦੇ ਹਨ। ਬਾਰਸ਼ਾਂ ਦੌਰਾਨ, ਇਹ ਧੁੱਸੀਆਂ ਟੁੱਟ ਜਾਂਦੀਆਂ ਹਨ ਅਤੇ ਆਲੇ-ਦੁਆਲੇ ਦੇ ਖੇਤਰ ਵਿੱਚ ਪਾਣੀ ਭਰ ਜਾਂਦਾ ਹੈ।

ਚੰਡੀਗੜ੍ਹ ਦੇ ਆਲੇ-ਦੁਆਲੇ ਖਰੜ, ਮੋਹਾਲੀ, ਜ਼ੀਰਕਪੁਰ, ਬਨੂੰੜ ਅਤੇ ਡੇਰਾਬਸੀ ਵਰਗੇ ਨਵੇਂ ਉਭਰੇ ਉਪਨਗਰ, ਜੋ ਪ੍ਰਾਪਰਟੀ ਦੇ ਨਵੇਂ ਨਾਜ਼ੁਕ ਬਿੰਦੂ/ਹੌਟਸਪੌਟ ਹਨ, ਹੜ੍ਹਾਂ ਦੌਰਾਨ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ। ਤੇਜ਼ੀ ਨਾਲ ਵਿਕਾਸ ਕਰ ਰਹੇ ਸ਼ਹਿਰੀਕਰਨ ਦੀਆਂ ਆਪਣੀਆਂ ਕਮੀਆਂ ਤੇ ਖ਼ਾਮੀਆਂ ਹਨ। ਪ੍ਰਾਪਰਟੀ ਹੌਟਸਪੌਟ ਬਣ ਜਾਣ ਕਰਕੇ ਭੂਮਾਫੀਆ ਵਧਦੀ ਆਬਾਦੀ ਦੇ ਅਨੁਕੂਲ ਹੋਣ ਲਈ, ਹਰ ਇੰਚ ਵਿੱਚ ਉਸਾਰੀਆਂ ਕਰ ਰਿਹਾ ਹੈ ਅਤੇ ਸਹੀ ਡਰੇਨੇਜ ਅਤੇ ਸੀਵਰੇਜ ਸਿਸਟਮ ਲਈ ਕੋਈ ਜਗ੍ਹਾ ਨਹੀਂ ਛੱਡੀ ਜਾ ਰਹੀ। ਅਜਿਹੀਆਂ ਅੰਨ੍ਹੇਵਾਹ ਉਸਾਰੀਆਂ ਕਾਰਨ ਅਜਿਹੇ ਖੇਤਰ ਵਿੱਚ ਪਾਣੀ ਦੇ ਕੁਦਰਤੀ ਵਹਾਅ ਵਿੱਚ ਅਕਸਰ ਵਿਘਨ ਪੈਂਦਾ ਹੈ। ਹਾਲ ਹੀ ਵਿੱਚ ਆਏ ਹੜ੍ਹਾਂ ਦੌਰਾਨ ਖਰੜ ਦੇ ਪੰਚਵਟੀ ਐਨਕਲੇਵ ਵਿੱਚ ਇੱਕ ਡਰੇਨ ਦੇ ਕੰਢੇ ਬਣੇ ਇੱਕ ਘਰ ਦੇ ਰੁੜ੍ਹ ਜਾਣ ਕਰਕੇ ਬਾਕੀ ਲੋਕਾਂ ਅੰਦਰ ਵੀ ਬੇਚੈਨੀ ਫੈਲ ਗਈ ਸੀ।

ਗਲੋਬਲ ਵਾਰਮਿੰਗ ਦੇ ਕਾਰਨ ਆਉਣ ਵਾਲੇ ਸਾਲਾਂ ਵਿੱਚ ਹੋਰ ਬੇਮਿਸਾਲ ਬਾਰਸ਼ ਹੋਣ ਨੂੰ ਦੇਖਦੇ ਹੋਏ ਮਾਹਿਰਾਂ ਨੇ ਕਿਹਾ ਕਿ ਸਰਕਾਰ ਨੂੰ ਪਹਿਲਾਂ ਤੋਂ ਹੀ ਤਿਆਰੀ ਕਰਨ ਦੀ ਲੋੜ ਹੈ। ਸ਼ਹਿਰਾਂ ਲਈ ਤੂਫ਼ਾਨੀ ਵਾਟਰ ਸੀਵਰੇਜ ਹੋਣਾ ਲਾਜ਼ਮੀ ਬਣਾਇਆ ਜਾਣਾ ਚਾਹੀਦਾ ਹੈ, ਜੋ ਬਰਸਾਤ ਦੇ ਪਾਣੀ ਨੂੰ ਤੁਰੰਤ ਬਾਹਰ ਕੱਢ ਦਿੰਦਾ ਹੈ। ਅੱਜ ਹਾਲਤ ਇਹ ਹੈ ਕਿ ਹੁਣ ਤੱਕ ਸਿਰਫ 10 ਪ੍ਰਤੀਸ਼ਤ ਸ਼ਹਿਰਾਂ ਵਿੱਚ ਹੀ ਪਾਣੀ ਦੀ ਤੂਫਾਨੀ ਨਿਕਾਸੀ ਹੈ। ਪੰਜਾਬ ਵਿੱਚ, ਬਹੁਤੇ ਖੇਤਰਾਂ ਵਿੱਚ ਸੀਵਰੇਜ ਸਿਸਟਮ ਦਾ ਬੁਰਾ ਹਾਲ ਹੈ ਅਤੇ ਬਰਸਾਤੀ ਪਾਣੀ ਵਿੱਚ ਚਿੱਕੜ ਤੇ ਗਾਦ ਆਉਣ ਨਾਲ ਸੀਵਰਾਂ ਦੀ ਸਮਰੱਥਾ ਬਹੁਤ ਜ਼ਿਆਦਾ ਘਟ ਜਾਂਦੀ ਹੈ, ਜਿਸ ਕਾਰਨ ਹੜ੍ਹ ਦਾ ਪਾਣੀ ਸੜਕਾਂ ਅਤੇ ਘਰਾਂ ਵਿੱਚ ਦਾਖਲ ਹੋ ਜਾਂਦਾ ਹੈ।

ਪੰਜਾਬ ਨੇ ਚੰਡੀਗੜ੍ਹ ਤੋਂ ਸਿੱਖਣਾ ਹੈ, ਜਿੱਥੇ ਦੋ-ਤਿੰਨ ਘੰਟਿਆਂ ਵਿੱਚ ਮੀਂਹ ਦਾ ਸਾਰਾ ਪਾਣੀ ਨਿਕਲ ਜਾਂਦਾ ਹੈ। ਇਹ ਸਿਰਫ ਸਹੀ ਯੋਜਨਾਬੰਦੀ ਕਰਕੇ ਹੀ ਸੰਭਵ ਹੋਇਆ ਹੈ। ਜਦੋਂ ਸਰਕਾਰ ਰਾਹਤ ਅਤੇ ਬਚਾਅ 'ਤੇ ਕਰੋੜਾਂ ਰੁਪਏ ਖਰਚ ਕਰ ਸਕਦੀ ਹੈ, ਤਾਂ ਉਸ ਨੂੰ ਪਹਿਲਾਂ ਇਸ ਰਕਮ ਨੂੰ ਸਹੀ ਨਿਕਾਸੀ 'ਤੇ ਖਰਚ ਕਰਨਾ ਚਾਹੀਦਾ ਹੈ ਅਤੇ ਮੌਜੂਦਾ ਹੜ੍ਹ ਦੀ ਸਥਿਤੀ ਨੂੰ ਦੁਬਾਰਾ ਵਾਪਰਨ ਤੋਂ ਰੋਕਣ ਲਈ ਉਪਰਾਲੇ ਕਰਨੇ ਚਾਹੀਦੇ ਹਨ।



**ਜੇ ਮੌਨਸੂਨ ਸੀਜ਼ਨ ਤੋਂ ਪਹਿਲਾਂ ਹਰ ਸਾਲ ਬੰਨ੍ਹ ਮਜ਼ਬੂਤ ਨਹੀਂ ਹੁੰਦੇ ਹਨ, ਤਾਂ ਇਹ ਟੁੱਟ ਜਾਣਗੇ ਅਤੇ ਹੜ੍ਹਾਂ ਦਾ ਕਾਰਨ ਬਣ ਜਾਣਗੇ। ਪਰ ਹਰ ਵਾਰ, ਸਾਨੂੰ ਦੱਸਿਆ ਜਾਂਦਾ ਹੈ ਕਿ ਡਰੇਨੇਜ਼ ਮਹਿਕਮੇ ਕੋਲ ਕੋਈ ਫੰਡ ਹੀ ਨਹੀਂ ਹਨ। ਡਰੇਨੇਜ ਕਦੇ ਵੀ ਸਾਡੀਆਂ ਸਰਕਾਰਾਂ ਦੀ ਤਰਜੀਹ ਸੂਚੀ ਵਿੱਚ ਨਹੀਂ ਆਉਂਦਾ। ਨਦੀਆਂ ਨਾਲ਼ਿਆਂ ਦੀ ਅੰਨ੍ਹੇਵਾਹ ਖੁਦਾਈ ਵੀ ਸਮੱਸਿਆਵਾਂ ਨੂੰ ਵਧਾ ਰਹੀ ਹੈ। ਰੇਤ ਦੀ ਖੁਦਾਈ ਕਰਨ ਵਾਲੇ ਬੰਨ੍ਹਾਂ ਦੇ ਨੇੜੇ ਕਿਨਾਰਿਆਂ 'ਤੇ ਖੁਦਾਈ ਕਰਦੇ ਹਨ, ਜਿਸ ਨਾਲ ਬੰਨ੍ਹ ਕਮਜ਼ੋਰ ਹੋ ਜਾਂਦੇ ਹਨ। ਬਾਰਸ਼ਾਂ ਦੌਰਾਨ, ਇਹ ਧੁੱਸੀਆਂ ਟੁੱਟ ਜਾਂਦੀਆਂ ਹਨ ਅਤੇ ਆਲੇ-ਦੁਆਲੇ ਦੇ ਖੇਤਰ ਵਿੱਚ ਪਾਣੀ ਭਰ ਜਾਂਦਾ ਹੈ।**

**ਜਲ-ਸਲਾਬ**

# 'ਹੜ੍ਹ' ਨਿਰਾ ਕੁਦਰਤੀ ਵਰਤਾਰਾ ਨਹੀਂ



**ਵਿਜੈ ਬੰਬੇਲੀ**
ਫੋਨ: +91-94634 39075

***ਭੂਮੀ ਦਾ ਇਸ ਲਈ ਨੁਕਸਾਨ ਹੋ ਰਿਹਾ ਹੈ ਕਿ ਜੰਗਲ-ਸਮੱਰਥਾ ਜਾਂ ਜਲ-ਨਿਕਾਸ ਪ੍ਰਬੰਧ ਠੀਕ ਨਹੀਂ।**
***ਅਣਸਾਵੇਂ ਵਿਕਾਸ, ਉਚਿੱਤ ਨਿਕਾਸੀ ਪ੍ਰਬੰਧ ਨਾ ਹੋਣ, ਢੁੱਕਵੇਂ ਜਲ-ਪ੍ਰਬੰਧ (ਵਰਖਾ ਜਲ ਕਮਾਉਣ/ਗਰਕਾਉਣ) ਦੀਆਂ ਕਾਰਗਰ ਯੋਜਨਾਵਾਂ ਜਾਂ ਅਮਲ ਦੀ ਅਣਹੋਂਦ ਕਾਰਨ ਅਸੀਂ ਹਰ ਸਾਲ ਬਰਸਾਤਾਂ 'ਚ ਰੁੜ੍ਹਦੇ ਹਾਂ ਅਤੇ ਖੁਸ਼ਕ ਮੌਸਮਾਂ 'ਚ ਸੁੱਕਦੇ ਹਾਂ।**
***ਹੜ੍ਹਾਂ ਤੋਂ ਬਚਣ ਅਤੇ ਵਰਖਾ ਦਾ ਭਰਪੂਰ ਲਾਹਾ ਲੈਣ ਲਈ ਲੰਮੇਰੀਆਂ, ਚਿਰ ਸਥਾਈ, ਕੁਦਰਤ ਮੇਚਵੀਆਂ ਅਤੇ ਸਿਆਣੀਆਂ ਯੋਜਨਾਵਾਂ ਤੇ ਦ੍ਰਿੜ ਇੱਛਾ-ਸ਼ਕਤੀ ਦੀ ਲੋੜ ਹੈ। ਹਾਂ! ਇਹ ਸਿਰਫ ਕੁਦਰਤ ਅਤੇ ਲੋਕ-ਪੱਖੀ ਨਿਜ਼ਾਮ ਵੇਲੇ ਹੀ ਸੰਭਵ ਹੈ।**

ਧਰਮਾਂ-ਕਬੀਲਿਆਂ ਦੇ ਇਤਿਹਾਸ-ਮਿਥਿਹਾਸ ਵਿੱਚ ਤੱਥਾਂ-ਮਿੱਥਾਂ ਅਨੁਸਾਰ ਹੜ੍ਹਾਂ ਦਾ ਵਰਨਣ ਹੈ। ਪ੍ਰਾਚੀਨ ਸਾਹਿਤ ਤੇ ਕਈ ਅਲੇਖਾਂ ਵਿੱਚ ਇਸਦਾ ਜ਼ਿਕਰ ਵਾਰ-ਵਾਰ ਆਉਂਦਾ ਹੈ। ਰਿਗ ਵੇਦ ਵਿੱਚ 217 ਵਾਰ, ਬਾਈਬਲ ਵਿੱਚ 34 ਵਾਰ ਅਤੇ ਕੁਰਾਨ ਵਿੱਚ 4 ਵਾਰੀ। ਕੁਰਾਨ ਵਿੱਚ ਹੜ੍ਹ ਦਾ ਘੱਟ ਜ਼ਿਕਰ ਆਉਣ ਦਾ ਕਾਰਨ ਇਹ ਹੈ ਕਿ ਅਰਬ ਮੁਲਕ, ਜਿਥੇ ਕੁਰਾਨ ਦੀ ਰਚਨਾ ਹੋਈ, ਵਿੱਚ ਮੀਂਹ ਬਹੁਤ ਘੱਟ ਪੈਂਦੇ ਹਨ।

ਦੱਸਣਾਂ ਕੁਥਾਂ ਨਹੀਂ ਹੋਵੇਗਾ ਕਿ ਜਪੁਜੀ ਸਾਹਿਬ ਵਾਂਗ, ਭਾਰਤ ਦੇ ਪਹਿਲ-ਪਲੱਕੜੇ ਗ੍ਰੰਥ ਰਿਗ ਵੇਦ ਵਿੱਚ ਵੀ ਸਿਰਫ ਕੁਦਰਤੀ ਸ਼ਕਤੀਆਂ ਅਤੇ ਨਿਆਮਤਾਂ ਦਾ ਹੀ ਜ਼ਿਕਰ ਹੈ, ਰੱਬ ਜੀ ਦਾ ਨਹੀਂ, ਜਿਸ ਵਿੱਚ ਜਲ (ਅਤੇ ਹੜ੍ਹ) ਵੀ ਪ੍ਰਮੁੱਖ ਹੈ। ਰਿਗ ਵੇਦ ਵਿੱਚ ਹੜ੍ਹਾਂ ਦਾ ਜ਼ਿਕਰ ਜ਼ਿਆਦਾ ਵਾਰੀ ਆਉਣ ਦਾ ਕਾਰਨ ਇਹ ਵੀ ਹੈ ਕਿ ਇਸਦੀ ਰਚਨਾ ਮਹਾਂ-ਪੰਜਾਬ ਦੀ ਧਰਤੀ 'ਤੇ ਹੋਈ, ਜਿਹੜਾ ਪਹਿਲਾਂ ਸਪਤ-ਸਿੰਧੂ ਅਰਥਾਤ ਸੱਤ ਦਰਿਆਵਾਂ ਦੀ ਧਰਤੀ ਸੀ। ਇਹ ਖਿੱਤਾ ਪਾਣੀਆਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਸੀ ਅਤੇ ਇਥੋਂ ਦੇ ਵਾਸੀ ਪੂਰਵ ਇਤਿਹਾਸ ਕਾਲ ਤੋਂ ਹੜ੍ਹਾਂ ਦੀਆਂ ਸੀਮਤ-ਸਮੱਸਿਆਵਾਂ ਨਾਲ ਦੋ-ਚਾਰ ਹੁੰਦੇ ਰਹੇ ਹਨ।

ਕਦੇ ਸੁਘੜ ਦਰਿਆਵਾਂ ਦਾ ਡੈਲਟਾ ਹੋਣ ਕਾਰਨ, ਸਾਡੇ ਖਿੱਤੇ ਦੀ ਮਿੱਟੀ ਬੜੀ ਜਰਖੇਜ਼ ਸੀ/ਹੈ, ਜਿਹੜੀ ਹਰ ਫਸਲ ਪੈਦਾ ਕਰਨ ਦੇ ਸਮਰੱਥ ਸੀ ਅਤੇ ਇਥੇ ਸਿੰਧ ਘਾਟੀ ਵਰਗੀਆਂ ਸਾਧਨ-ਸੰਪਨ ਸੱਭਿਆਤਾਵਾਂ ਦਾ ਵੀ ਉਥਾਨ ਹੋਇਆ। ਇਹੀ ਕਾਰਨ ਸੀ ਕਿ ਬੇਗਾਨੀਆਂ ਧਰਤੀਆਂ ਦੇ ਲੋਕ ਇਸ ਵੱਲ ਖਿੱਚੇ-ਤੁਰੇ ਆਏ; ਪ੍ਰੰਤੂ ਪਾਣੀ ਵਜੋਂ ਅਮੀਰੀ ਕਾਰਨ ਕੁੱਝ ਨੁਕਸਾਨ ਵੀ ਇਸ ਧਰਤੀ ਨੂੰ ਸਹਿਣੇ ਪਏ, ਜਿਨ੍ਹਾਂ ਵਿੱਚੋਂ ਇੱਕ ਵੱਡਾ ਨੁਕਸਾਨ ਸੀ ਵਾਰ-ਵਾਰ ਹੜ੍ਹ ਰੂਪੀ ਕੁਦਰਤੀ ਤ੍ਰਾਸਦੀ। ਜਿਹੜੀ ਹੁਣ ਕੁਦਰਤੀ ਦੀ ਬਜਾਏ ਮਨੁੱਖ-ਸਿਰਜਤ ਕਿਤੇ ਵੱਧ ਹੈ, ਜਿਸਦਾ ਵੱਡਾ ਕਾਰਨ ਹੈ ਕੁਦਰਤ ਨਾਲ ਅਣ-ਮੇਚਵਾਂ ਅਤੇ ਗੈਰ-ਯੋਜਨਾਵੱਧ 'ਵਿਕਾਸ।'

ਪ੍ਰਾਚੀਨ ਸਮਿਆਂ ਦਾ, ਪੰਜਾਬ ਸੰਦਰਭ, ਹੜ੍ਹਾਂ ਬਾਰੇ ਕੋਈ ਸਿਲਸਲੇਵਾਰ ਰਿਕਾਰਡ ਪ੍ਰਾਪਤ ਨਹੀਂ; ਪਰ ਭਾਰਤ ਦੇ ਹੋਰ ਦਰਿਆਵਾਂ ਨਾਲ ਸਬੰਧਿਤ ਰਿਕਾਰਡ/ਦਸਤਾਵੇਜ਼ਾਂ ਦੇ ਅਧਿਐਨ ਤੋਂ ਇਹ ਜ਼ਰੂਰ ਪਤਾ ਲੱਗਦਾ ਹੈ ਕਿ ਹੜ੍ਹ, ਇਤਿਹਾਸ ਦੀ ਉੱਕਾ ਈ ਕੋਈ ਅਨਿਯਮਤ ਘਟਨਾ ਨਹੀਂ ਹੁੰਦੇ, ਸਗੋਂ ਇਹ ਕਿਸੇ ਨਾ ਕਿਸੇ ਘਟਨਾਕ੍ਰਮ (ਪੈਟਰਨ) ਅਤੇ ਖੁਦ ਸਿਰਜੇ ਹਾਲਾਤ ਅਨੁਸਾਰ ਵਾਪਰਦੇ ਹਨ। ਪੰਜ ਦਰਿਆਵਾਂ ਦਾ ਖਿੱਤਾ ਰਹਿ ਜਾਣ ਉਪਰੰਤ ਵੀ ਇਹ ਖੇਤਰ ਸ਼ੁਧ ਪਾਣੀ ਨਾਲ ਲਬਾ-ਲਬ ਸੀ। ਹੁਣ ਤਾਂ, ਸਾਡੇ ਕੋਲ ਢਾਈ-ਦਰਿਆਂ ਹੀ ਹਨ, ਜਿਨ੍ਹਾਂ ਨੂੰ ਗੰਦੇ-ਜ਼ਹਿਰੀਲੇ ਨਾਲੇ ਬਣਾਉਣ 'ਚ ਵੀ ਅਸੀਂ-ਤੁਸੀਂ ਖਾਸ ਕਰ ਧੰਨ-ਕੁਬੇਰ ਅਤੇ ਹਾਕਮ-ਜਮਾਤਾਂ ਪੇਸ਼-ਓ-ਪੇਸ਼ ਹਨ। ਜਲ ਮਾਹਿਰ ਵਿਸ਼ਵਾਸ ਐਸ. ਕਾਲੇ ਅਨੁਸਾਰ "ਵੀਹਵੀਂ ਸਦੀ ਦੇ ਅੱਧ ਤੋਂ ਬਾਅਦ ਪੂਰਵਲੇ ਹੜ੍ਹਾਂ ਦੇ ਮੁਕਾਬਲੇ ਵੱਡੇ ਅਕਾਰ ਦੇ ਹੜ੍ਹ ਜ਼ਿਆਦਾ ਆਉਣੇ ਸ਼ੁਰੂ ਹੋ ਗਏ। ਭਾਵੇਂ ਗਿਣਤੀ ਵਜੋਂ ਹੜ੍ਹ ਘੱਟ ਆਏ, ਪਰ ਹੁਣ ਬਹੁ-ਪਰਤੀ ਅਤੇ ਵੱਡੇ ਨੁਕਸਾਨ ਹੁੰਦੇ ਹਨ। ਕਾਰਨ, ਉਹੀ ਕੁਦਰਤ ਵਿੱਚ ਬੇ-ਕਿਰਕ ਦਖਲਅੰਦਾਜ਼ੀ।"

ਹੜ੍ਹ ਕੁਦਰਤੀ ਤ੍ਰਾਸਦੀ ਹੈ, ਜਿਹੜੀ ਮੂਸਲੇਧਾਰ ਵਰਖਾ, ਮਨੁੱਖੀ ਲਾਲਸਾਵਾਂ, ਧੰਨ-ਕੁਬੇਰਾਂ, ਗੈਰ-ਯੋਜਨਾਬੱਧ ਵਿਕਾਸ ਅਤੇ ਸਰਕਾਰਾਂ ਦੀਆਂ ਨਾਲਾਇਕੀਆਂ ਕਾਰਨ ਵਾਪਰਦੀ ਹੈ। ਤਾ-ਆਲਮ ਦੀ ਦੋ-ਤਿਹਾਈ ਆਬਾਦੀ ਅਤੇ 13% ਖੇਤਰ ਕਿਸੇ ਨਾ ਕਿਸੇ ਰੂਪ ਵਿੱਚ ਹੜ੍ਹ ਪ੍ਰਭਾਵਿਤ ਹੈ। ਬਹੁਤੇ ਦੇਸ਼ ਉਹ ਹਨ, ਜਿਥੇ ਕੁਦਰਤੀ ਬੇ-ਵਸੀ ਹੈ, ਘਣੀ ਆਬਾਦੀ ਹੈ, ਰਾਜ-ਭਾਗ ਠੀਕ ਨਹੀਂ ਜਾਂ ਜਿਹੜੇ 'ਰੱਬੀ ਭਾਣੇ' ਵਿੱਚ ਮਸਰੂਫ ਹਨ। ਸਾਡੇ ਦੇਸ਼ ਦੇ ਕੁੱਲ 32.8 ਕਰੋੜ ਹੈਕਟੇਅਰ ਵਿੱਚੋਂ ਕਰੀਬ 4 ਕਰੋੜ ਹੈਕਟੇਅਰ ਰਕਬਾ, ਯਾਨਿ ਧਰਾਤਲੀ ਖਿੱਤੇ ਦਾ ਅੱਠਵਾਂ ਹਿੱਸਾ, ਹੜ੍ਹਾਂ ਦੀ ਮਾਰ ਹੇਠ ਹੈ। ਕੋਈ ਸੂਬਾ ਜ਼ਿਆਦਾ ਅਤੇ ਕੋਈ ਕੁੱਝ ਘੱਟ। ਜਾਣੀ ਕੋਈ ਕਦੇ-ਕਦੇ ਤੇ ਕੋਈ ਹਰ ਵਰ੍ਹੇ।

ਪਾਣੀ ਵਜਨਦਾਰ ਵਸਤ ਹੈ। ਨਿਵਾਣ ਵੱਲ ਖੁਦ-ਬਾ-ਖੁਦ ਵਗਣ ਤੋਂ ਬਿਨਾ ਇਸਨੂੰ ਇਧਰ-ਉਧਰ ਕਰਨਾ ਸੌਖਾ ਨਹੀਂ। ਹਰ ਵਰ੍ਹੇ ਕਰੀਬ 32 ਅਰਬ ਏਕੜ ਫੁੱਟ ਪਾਣੀ ਧਰਤੀ 'ਤੇ ਵਗਦਾ ਹੋਇਆ ਸਾਗਰਾਂ ਵੱਲ ਜਾਂਦਾ ਹੈ (ਜਾਂ ਕਹਿ ਲਵੋ ਸਹਿਜ-ਤੋਰੇ ਜਾਂਦਾ ਸੀ), ਜਦ ਤੱਕ ਕਿ ਐਸੇ ਪਾਣੀ ਨੂੰ ਅਸੀਂ ਰੋਕ, ਖੜ੍ਹਾ ਜਾਂ ਮੋੜ ਕੇ ਵਰਤਣ ਨਹੀਂ ਸਾਂ ਲੱਗ ਪਏ। ਇੱਕ ਸਾਲ ਵਿੱਚ ਲੱਗਪੱਗ 400 ਅਰਬ ਏਕੜ ਤੀਬਰ ਜਲ-ਚੱਕਰਾਂ ਰਾਹੀਂ ਤਾ-ਆਲਮ (ਧਰਤੀ, ਸਮੁੰਦਰਾਂ, ਜੰਗਲਾਂ-ਬੇਲਿਆ ਅਤੇ ਪਹਾੜਾਂ) 'ਤੇ ਉੱਗਦਾ-ਵਰਸਦਾ ਹੈ। ਇਸ ਗੇੜ੍ਹ ਵਿੱਚ ਘੁੰਮਦੇ ਕੁੱਲ/ਸਾਲਾਨਾ ਜਲ ਨੂੰ ਜੇ ਸਮੁੰਦਰਾਂ, ਨਦੀਆਂ-ਦਰਿਆਵਾਂ, ਜਲ-ਕੁੰਡਾਂ ਜਾਂ ਜ਼ਮੀਨ ਵਿੱਚ ਸਮੋਣ ਦੀ ਬਜਾਏ ਸਾਲਮ-ਪੱਧਰੀ ਧਰਤੀ 'ਤੇ ਵਿਛਾ ਦੇਈਏ ਤਾਂ ਸਮੁੱਚੀ ਸਤਾਹ ਉੱਤੇ ਤਿੰਨ-ਤਿੰਨ ਫੁੱਟ ਉੱਚਾਈ ਤੱਕ ਪਾਣੀ ਖੜ੍ਹ ਜਾਵੇਗਾ।

ਫਾਲਤੂ ਜਾਂ ਲੋੜੀਂਦਾ ਵਰਖੇਈ ਜਲ ਸਿਰਫ ਕੁਦਰਤੀ ਜਾਂ ਮਸਨੂਈ ਜਲ-ਕੁੰਡਾਂ 'ਚ ਹੀ ਸਾਂਭਿਆ ਜਾ ਸਕਦਾ ਹੈ। 'ਫੇਮਿਨ ਇੰਕੁਆਰੀ ਕਮਿਸ਼ਨ' ਨੇ ਸਾਲ 1944 ਵਿੱਚ ਹੀ ਸਪੱਸ਼ਟ ਕਹਿ ਦਿੱਤਾ ਸੀ, "ਆਉਣ ਵਾਲੇ ਸਮੇਂ ਵਿੱਚ ਹੜ੍ਹ-ਸੁਰੱਖਿਆ ਅਤੇ ਜਲ ਸੰਕਟਾਂ ਦੇ ਸਿੱਕੇਬੰਦ ਉਪਾਅ ਹਿੱਤ ਸਿਰਫ ਕੁਦਰਤੀ ਜਲ-ਕੁੰਡ (ਛੰਬ, ਢਾਬਾਂ, ਤਾਲ) ਅਤੇ ਤਾਲਾਬ-ਟੋਭਾ ਤੇ ਕੁਦਰਤੀ ਜਲ-ਵਹਿਣ ਹੀ ਕਾਰਗਰ ਹਨ। ਸਿਰਫ ਤੇ ਸਿਰਫ ਇਨ੍ਹਾਂ ਵਿੱਚ ਹੀ ਵਰਖੇਈ ਪਾਣੀ ਧਰਤੀ 'ਚ ਭੇਜਣ ਹਿੱਤ ਜਾਂ ਬਹੁ-ਪੱਖੀ ਕਾਰਜਾਂ ਲਈ ਸਾਂਭਿਆ ਜਾ ਸਕਦਾ ਹੈ।" ਦਰ-ਹਕੀਕਤ, ਪੰਜਾਬ ਵਿੱਚ ਹੜ੍ਹਾਂ ਅਤੇ ਜਲ-ਸੰਕਟ ਦਾ ਇਤਿਹਾਸ/ਤੀਖਣ ਦੌਰ ਉਦੋਂ ਹੀ ਸ਼ੁਰੂ ਹੋਇਆ, ਜਦੋਂ ਅਸੀਂ ਕੁਦਰਤੀ ਟੋਏ, ਢਾਬਾਂ ਅਤੇ ਛੰਬ ਫਨਾਹ ਕਰਨੇ ਸ਼ੁਰੂ ਕਰ ਦਿੱਤੇ। ਜਲ-ਵਹਿਣਾਂ ਅਤੇ ਜਲ-ਕੁੰਡਾਂ ਉੱਤੇ ਕਬਜ਼ੇ ਕਰਨ ਲੱਗੇ। ਜੇ ਪਾਣੀ ਰੁਕੇਗਾ ਨਹੀਂ, ਤਦ ਵਗੇਗਾ ਹੀ। ਜ਼ਿਆਦਾ ਮਾਤਰਾ 'ਚ, ਬੇ-ਤਰਤੀਬਾ ਅਤੇ ਤੇਜ ਵਗੇਗਾ ਤਾਂ ਜਲ-ਸਲਾਬ ਦਾ ਕਾਰਨ ਵੀ ਬਣੇਗਾ।

ਸਾਡੇ ਵਲੋਂ ਰੁੰਡ-ਮਰੁੰਡ ਕਰ ਦਿੱਤੇ ਗਏ ਪਹਾੜਾਂ ਦਾ ਮਲਬਾ ਜਲ-ਵਹਿਣਾ ਨੂੰ ਭਰ/ਉੱਚਾ ਚੁੱਕ ਵਗਦੇ ਪਾਣੀ ਨੂੰ ਜਲ-ਮਾਰਗਾਂ ਤੋਂ ਭਟਕਾ ਕੇ ਹੜ੍ਹਾਂ ਦਾ ਕਾਰਨ ਵੀ ਬਣ ਰਿਹਾ ਹੈ ਅਤੇ ਜਲ-ਸੰਗ੍ਰਿਹਾਂ ਨੂੰ ਭਰ/ਪੂਰ ਕੇ ਜਲ ਗ੍ਰਹਿਣ ਕਪੈਸਟੀ ਵੀ ਘਟਾ ਰਿਹਾ ਹੈ। ਬਨਸਪਤੀ/ਜੰਗਲ ਨਾ ਸਿਰਫ ਵਗਦੇ ਪਾਣੀ ਨੂੰ ਰੋਕ-ਖੜ੍ਹਾ ਕੇ ਜਾਂ ਗਤੀ ਘਟਾ ਕੇ ਭੀਸ਼ਣ ਹੜ੍ਹਾਂ ਨੂੰ ਰੋਕਦੇ ਸਨ, ਸਗੋਂ ਜੜ੍ਹਾਂ ਰਾਹੀਂ ਧਰਤੀ 'ਚ ਭੇਜ ਕੇ ਭਵਿੱਖ ਲਈ ਸੁਰੱਖਿਅਤ ਵੀ ਕਰ ਦਿੰਦੇ ਹਨ/ਸਨ। ਜੰਗਲਾਂ ਦੀ ਬੇ-ਹੁਰਮਤੀ ਕਾਰਨ ਹੁਣ ਭਾਰਤ ਦੀ 43 ਕਰੋੜ 51 ਲੱਖ ਏਕੜ ਧਰਤੀ ਹੜ੍ਹ-ਮਾਰ ਹੇਠ ਆ ਚੁੱਕੀ ਹੈ। ਇੱਕ ਵਰਗ ਕਿਲੋਮੀਟਰ ਬਹੁ-ਭਾਂਤੀ ਘਣਾ ਜੰਗਲ 50 ਹਜ਼ਾਰ ਘਣ ਮੀਟਰ ਵਰਖੇਈ ਪਾਣੀ ਜੜ੍ਹਾਂ ਰਾਹੀ ਧਰਤੀ 'ਚ ਇੰਜੈਕਟ ਕਰ ਦਿੰਦਾ ਹੈ ਅਤੇ ਜੜ੍ਹ-ਜਾਲ ਰਾਹੀਂ ਮਿੱਟੀ ਨੂੰ ਬੰਨ ਕੇ ਰੱਖਦਾ ਹੈ। ਕਰੀਬ ਪੰਜ ਕਰੋੜ ਭੂਮੀ ਦਾ ਇਸ ਲਈ ਨੁਕਸਾਨ ਹੋ ਰਿਹਾ ਹੈ ਕਿ ਜੰਗਲ-ਸਮੱਰਥਾ ਜਾਂ ਜਲ-ਨਿਕਾਸ ਪ੍ਰਬੰਧ ਠੀਕ ਨਹੀਂ।

ਕੁਦਰਤੀ ਸੋਮਿਆਂ ਦੇ ਘਾਣ ਕਾਰਨ ਭਾਰਤ ਦੇ ਖੇਤੀ-ਬਾਗਾਂ ਹੇਠਲੇ ਰਕਬੇ, 139 ਦਹਿ ਲੱਖ ਹੈਕਟੇਅਰ ਵਿੱਚੋਂ ਵੀ 21 ਲੱਖ ਹੈਕਟੇਅਰ ਖੇਤਰ ਗੈਰ-ਯੋਜਨਾਬੱਧ ਵਿਕਾਸ, ਮਾਈਨਿੰਗ, ਜੰਗਲ ਵਿਨਾਸ਼ ਕਾਰਨ ਬੁਰੀ ਤਰ੍ਹਾਂ ਭੌਂ-ਖੋਰ, ਢਿੱਗਾਂ ਡਿੱਗਣ ਹੇਠ ਆ ਚੁੱਕਾ ਹੈ। ਇੱਕ ਹੈਕਟੇਅਰ ਨੰਗੇ-ਢਾਲਵੇਂ ਰਕਬੇ ਤੋਂ ਪ੍ਰਤੀ ਸਾਲ 30 ਟਨ ਮਿੱਟੀ ਖੁਰ-ਰੁੜ੍ਹ ਜਾਂਦੀ ਹੈ। ਜਦੋਂ ਪਾਣੀ ਢਲਾਣ ਤੋਂ ਉਤਰਦਾ ਹੈ, ਉਥੇ ਜੇ ਧਰਤੀ ਬਨਸਪਤੀ-ਵਿਹੁਣੀ ਹੋਵੇ ਜਾਂ ਮੂਹਰੇ ਅੜਿੱਕੇ ਨਾ ਹੋਣ; ਤਦ ਜੇ ਇਸਦੀ ਗਤੀ ਮਹਿਜ਼ ਦੁੱਗਣੀ ਹੋ ਜਾਵੇ ਤਾਂ ਭੂਮੀ ਦੀ ਕੱਟ-ਵੱਢ 4 ਗੁਣਾਂ ਹੋ ਜਾਂਦੀ ਹੈ। ਇਸ ਗਤੀ 'ਤੇ ਮਾਦਾ ਚੁੱਕ-ਖੜ੍ਹਨ ਦੀ ਸਮੱਰਥਾ 32 ਗੁਣਾ ਅਤੇ ਰੋੜ੍ਹ ਸਮਰਥਾ 64 ਗੁਣਾਂ ਹੋ ਜਾਂਦੀ ਹੈ। ਅਰਥਾਤ, ਜੇ ਗਤੀ ਦੁੱਗਣੀ ਤਾਂ ਹੜ੍ਹਾਊ-ਤਾਕਤ 64 ਗੁਣਾਂ, ਪ੍ਰੰਤੂ ਜੇ ਜਲ-ਗਤੀ ਤਿੰਨ ਗੁਣਾਂ ਹੋਵੇ ਤਾਂ ਰੋਹੜੂ ਸਮੱਰਥਾ 729 ਗੁਣਾਂ ਹੋ ਜਾਂਦੀ ਹੈ।

ਪਹਾੜਾਂ ਜਾਂ ਜ਼ਿਆਦਾ ਢਾਲਵੇ ਖਿੱਤੇ 'ਚ ਇਹ ਭਾਣਾ ਹੋਰ ਵੀ ਡਰਾਉਣੇ ਰੂਪ 'ਚ ਵਾਪਰਦਾ ਹੈ। ਸਿੱਟੇ ਵਜੋਂ ਜਲ-ਵਹਿਣਾਂ, ਦਰਿਆਵਾਂ ਅਤੇ ਸਾਗਰਾਂ-ਸਮੁੰਦਰਾਂ ਦਾ ਮੁਹਾਂਦਰਾ ਬਦਲ ਰਿਹਾ ਹੈ। ਇਕੱਲੇ ਗੰਗਾ ਖੇਤਰ ਵਿੱਚ 4 ਕਰੋੜ 50 ਲੱਖ ਸੈਂਟੀਮੀਟਰ ਮਿੱਟੀ ਆਏ ਸਾਲ ਰੁੜ੍ਹ-ਖੁਰ ਜਾਂਦੀ ਹੈ। ਮਨੁੱਖੀ ਗਲਤੀਆਂ ਕਾਰਨ, ਕਰੀਬ-ਕਰੀਬ ਇਹੀ ਹਾਲ ਹੋਰ ਜਲ-ਖੇਤਰਾਂ ਦਾ ਹੈ, ਜਿਸ ਵਿੱਚ ਪੰਜਾਬ ਵੀ ਸ਼ਾਮਿਲ ਹੈ। ਅਣਸਾਵੇਂ ਵਿਕਾਸ, ਉਚਿੱਤ ਨਿਕਾਸੀ ਪ੍ਰਬੰਧ ਨਾ ਹੋਣ, ਢੁੱਕਵੇਂ ਜਲ-ਪ੍ਰਬੰਧ (ਵਰਖਾ ਜਲ ਕਮਾਉਣ/ਗਰਕਾਉਣ) ਦੀਆਂ ਕਾਰਗਰ ਯੋਜਨਾਵਾਂ ਜਾਂ ਅਮਲ ਦੀ ਅਣਹੋਂਦ ਕਾਰਨ ਅਸੀਂ ਹਰ ਸਾਲ ਬਰਸਾਤਾਂ 'ਚ ਰੁੜ੍ਹਦੇ ਹਾਂ ਅਤੇ ਖੁਸ਼ਕ ਮੌਸਮਾਂ 'ਚ ਸੁੱਕਦੇ ਹਾਂ।

ਮੁੱਕਦੀ ਗੱਲ, ਵਿਆਪਕ ਵਰਖਾ ਨੂੰ ਵੀ ਸਾਂਭਣ-ਸਲੂਟਣ, ਕਮਾਉਣ-ਗਰਕਾਉਣ 'ਚ ਸ਼ਾਇਦ ਉਨਾ ਖਰਚ ਨਹੀਂ ਆਵੇਗਾ, ਜਿੰਨਾ ਹਰ ਸਾਲ ਪਹਿਲਾਂ ਗੁਆਉਣ ਅਤੇ ਮੁੜ-ਭਰਪਾਈ ਉੱਤੇ ਅਸੀਂ ਖਰਚ ਕਰ ਬੈਠਦੇ ਹਾਂ। ਆਰਥਿਕ ਨੁਕਸਾਨ ਦੀ ਪੂਰਤੀ ਤਾਂ ਹੋ ਜਾਵੇਗੀ, ਪਰ ਮੋਇਆ ਨੂੰ ਕੌਣ ਮੋੜ ਲਿਆਵੇਗਾ? ਹੜ੍ਹਾਂ ਤੋਂ ਬਚਣ ਅਤੇ ਵਰਖਾ ਦਾ ਭਰਪੂਰ ਲਾਹਾ ਲੈਣ ਲਈ ਲੰਮੇਰੀਆਂ, ਚਿਰ ਸਥਾਈ, ਕੁਦਰਤ ਮੇਚਵੀਆਂ ਅਤੇ ਸਿਆਣੀਆਂ ਯੋਜਨਾਵਾਂ ਤੇ ਦ੍ਰਿੜ ਇੱਛਾ-ਸ਼ਕਤੀ ਦੀ ਲੋੜ ਹੈ। ਹਾਂ! ਇਹ ਸਿਰਫ ਕੁਦਰਤ ਅਤੇ ਲੋਕ-ਪੱਖੀ ਨਿਜ਼ਾਮ ਵੇਲੇ ਹੀ ਸੰਭਵ ਹੈ।

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਅਤੇ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ



**ਇਸ ਹਰਿਮੰਦਰ ਦੀ ਪਾਵਨ ਹੋਂਦ ਨੂੰ ਕਾਇਮ ਰੱਖਣ ਲਈ ਅਣਗਿਣਤ ਗੁਰੂ ਪਿਆਰਿਆਂ ਨੇ ਆਪਣੇ ਲਹੂ ਤੇ ਮਿੱਝ ਦਾ ਸੀਮਿੰਟ ਅਤੇ ਸਿਰਾਂ ਦੀਆਂ ਇੱਟਾਂ ਲਾਈਆਂ ਹਨ। ਇਥੇ ਅੱਠੇ ਪਹਿਰ ਗੁਰਬਾਣੀ ਦੇ ਪਾਠ ਤੇ ਕੀਰਤਨ ਦੀਆਂ ਅਗੰਮੀ ਧੁਨਾਂ ਇਸ ਦੇ ਚੌਗਿਰਦੇ ਦੇ ਵਾਤਾਵਰਨ ਨੂੰ ਅਧਿਆਤਮਕ ਸੁਗੰਧੀ ਨਾਲ ਸੁਗੰਧਤ ਕਰ ਰਹੀਆਂ ਹਨ, ਜਿਸ ਕਰ ਕੇ ਹਰ ਯਾਤਰੂ ਭਾਵੇਂ ਉਹ ਕਿਸੇ ਦੇਸ਼, ਨਸਲ, ਮਜ਼੍ਹਬ, ਜ਼ਾਤੀ ਤੇ ਸੰਪ੍ਰਦਾ ਨਾਲ ਸਬੰਧਤ ਹੋਵੇ, ਆਪਣੇ ਆਪ ਨੂੰ ਅਗੰਮੀ ਰਸ ਵਿੱਚ ਮਗਨ ਹੋਇਆ ਅਨੁਭਵ ਕਰਦਾ ਹੈ।**

**ਦਿਲਜੀਤ ਸਿੰਘ ਬੇਦੀ**
**ਫੋਨ: +91-76579-68570**



ਸਿੱਖੀ ਸ਼ਰਧਾ, ਸੇਵਾ, ਸਿਮਰਨ, ਮਾਨਸਿਕ ਤ੍ਰਿਪਤੀ ਅਤੇ ਕੁਰਬਾਨੀ ਦੀ ਪ੍ਰੇਰਨਾ ਸਰੋਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਬਾਰੇ ਗੁਰਬਾਣੀ ਵਿੱਚ ਅੰਕਿਤ ਹੈ, "ਡਿਠੇ ਸਭੇ ਥਾਵ ਨਹੀਂ ਤੁਧੁ ਜੇਹਿਆ॥" ਅੱਜ ਕੱਲ੍ਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਹੁੰਦਾ ਗੁਰਬਾਣੀ ਕੀਰਤਨ ਬੰਦ ਹੋਣ ਕਾਰਨ ਸ਼ਰਧਾਲੂਆਂ ਵਿੱਚ ਚਿੰਤਾ ਪ੍ਰਗਟ ਹੋ ਰਹੀ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਿਛਲੇ ਦੋ ਦਹਾਕਿਆਂ ਦੇ ਵੱਧ ਸਮੇਂ ਤੋਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਣ ਹੋ ਰਿਹਾ ਹੈ। ਪਿਛਲੇ ਦੋ-ਤਿੰਨ ਸਾਲ ਤੋਂ ਰਾਜਸੀ ਦਲਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਡਟਵਾਂ ਵਿਰੋਧ ਕਰਨਾ ਆਪਣਾ ਟੀਚਾ ਮੰਨ ਲਿਆ ਹੈ। ਵਿਰੋਧ ਇਸ ਕਰਕੇ ਕੀਤਾ ਜਾ ਰਿਹਾ ਹੈ, ਕਿਉਂਕਿ ਸ਼੍ਰੋਮਣੀ ਕਮੇਟੀ ਉਪਰ ਮਰਹੂਮ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ ਕਾਬਜ ਹੈ; ਜਿਸ ਦਾ ਹੁਣ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਹੈ। ਨਿੱਜੀ ਵਿਰੋਧ ਖਾਤਰ ਹਲਕਾ ਵਿਰੋਧ ਕਈ ਵਾਰ ਕੌਮੀ ਤੌਰ 'ਤੇ ਵੱਡਾ ਨੁਕਸਾਨ ਕਰ ਜਾਂਦਾ ਹੈ। ਜਦੋਂ ਸਿਆਸੀ ਪਾਰਟੀਆਂ ਲੋਕਾਂ ਦੇ ਅਹਿਮ ਮਸਲਿਆਂ ਬਾਰੇ ਸੁਹਿਰਦਤਾ ਗੁਆ ਬੈਠਦੀਆਂ ਹਨ, ਫਿਰ ਸਿਰਜਣਾਤਮਿਕ ਕਾਰਵਾਈਆਂ ਵੀ ਰਾਹੋਂ ਭਟਕ ਜਾਂਦੀਆਂ ਹਨ। ਵੱਡੀਆਂ ਕੁਰਬਾਨੀਆਂ ਦੀ ਨੀਂਹ 'ਤੇ ਬਣੀ ਸ਼੍ਰੋਮਣੀ ਕਮੇਟੀ ਸਮਾਜਕ ਸੰਕਟ ਦਾ ਸ਼ਿਕਾਰ ਹੋ ਗਈ ਹੈ। ਇਸ ਸੰਕਟ ਨੂੰ ਦੂਰ ਕਰਨ ਲਈ ਸੁਹਿਰਦ ਪੁਰਸ਼ਾਂ ਦੇ ਸਿਰਜੋੜ ਜਤਨਾਂ ਦੀ ਲੋੜ ਹੈ।

ਜਿਸ ਪੀ.ਟੀ.ਸੀ. ਚੈਨਲ ਰਾਹੀਂ ਗੁਰਬਾਣੀ ਪ੍ਰਸਾਰਨ ਹੋ ਰਿਹਾ ਹੈ, ਉਸ ਨਾਲ ਸੰਸਾਰ ਭਰ ਵਿਚ ਜਿਥੇ ਵੀ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵਸਦੀਆਂ ਹਨ, ਉਹ ਭਾਵਨਾਤਮਿਕ, ਧਾਰਮਿਕ ਤੌਰ 'ਤੇ ਗੁਰਬਾਣੀ ਦੇ ਇਸ ਪ੍ਰਸਾਰਨ ਵਿਧੀ ਨਾਲ ਜੁੜੀਆਂ ਹੋਈਆਂ ਹਨ। ਲੰਮਾ ਸਮਾਂ ਸਿੱਖਾਂ ਨੇ ਸੰਘਰਸ਼ ਕਰਕੇ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਰੇਡੀਓ ਤੋਂ ਰੀਲੇਅ ਕਰਨ ਲਈ ਸੰਘਰਸ਼ ਲੜਿਆ। ਫਿਰ ਆਖਰਕਾਰ ਲੋਕ ਅੰਮ੍ਰਿਤ ਵੇਲੇ ਤੇ ਰਹਿਰਾਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਤੋਂ ਸਿੱਧਾ ਰੇਡੀਓ ਤੋਂ ਕੀਰਤਨ ਸਰਵਣ ਕਰਨ ਲੱਗ ਪਏ। ਦੂਰ-ਦੁਰਾਡੇ ਬੈਠਾ ਹਰ ਸਿੱਖ ਖੁਦ ਨੂੰ ਆਪਣੇ ਕੇਂਦਰੀ ਸਥਾਨ ਨਾਲ ਜੁੜਿਆ ਮਹਿਸੂਸ ਕਰਨ ਲੱਗ ਪਿਆ। ਸਮੇਂ ਦੀ ਬਦਲਦੀ ਆਧੁਨਿਕ ਤਕਨੀਕ ਨੇ ਇਸ ਨੂੰ ਟੀ.ਵੀ. ਚੈਨਲ 'ਤੇ ਲੈ ਆਂਦਾ। ਲੱਖਾਂ ਹੀ ਸ਼ਰਧਾਵਾਨ ਸਿੱਖ ਭਾਵ ਹਰ ਸਿੱਖ ਇਸ ਪ੍ਰਸਾਰਨ ਤੋਂ ਪਰਿਵਾਰ ਸਮੇਤ ਆਪਣੀ ਧਾਰਮਿਕ ਭਾਵਨਾਤਮਿਕ ਤ੍ਰਿਪਤੀ ਪੂਰੀ ਕਰਦੇ ਹਨ। ਅਨੇਕਾਂ ਬਜ਼ੁਰਗ ਕੇਵਲ ਟੀ.ਵੀ. ਅਤੇ ਪੀ.ਟੀ.ਸੀ. ਚੈਨਲ ਹੀ ਦੇਖਦੇ ਹਨ। ਉਨ੍ਹਾਂ ਦੇ ਬੱਚਿਆਂ ਨੇ ਗੁਰਬਾਣੀ ਪ੍ਰਸਾਰਨ ਦਾ ਸਮਾਂ ਤੈਅ ਕੀਤਾ ਹੋਇਆ ਹੈ, ਬਜ਼ੁਰਗਾਂ ਨੇ ਸਿਰਫ ਸਵਿੱਚ ਆਨ-ਆਫ ਕਰਨਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਪੀ.ਟੀ.ਸੀ. ਦਾ ਲਾਈਵ ਪ੍ਰਸਾਰਣ ਜਾਂਦਾ ਹੈ। ਜੋ ਯੂਟਿਊਬ ਵਰਗੇ ਚੈਨਲ 'ਤੇ ਨਹੀਂ ਹੋ ਸਕਦਾ।

ਗੁਰਬਾਣੀ ਦਾ ਪ੍ਰਸਾਰਣ ਸੈਟੇਲਾਈਟ ਚੈਨਲ ਪੀ.ਟੀ.ਸੀ. ਤੋਂ ਹੁਣ ਇੱਕ ਦਮ ਬੰਦ ਹੋ ਜਾਣ ਦੀ ਖਬਰ ਨਾਲ ਹਰ ਸ਼ਰਧਾਵਾਨ ਸਿੱਖ ਮਾਯੂਸ ਹੈ। ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਚੈਨਲ ਰਾਹੀਂ ਪ੍ਰਸਾਰਣ ਦੇਣਾ ਪ੍ਰਸ਼ੰਸਾਜਨਕ ਹੈ, ਪਰ ਜੋ ਯੂਟਿਊਬ ਤੋਂ ਪ੍ਰਸਾਰਨ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਣ ਬਾਰੇ ਅਖ਼ਬਾਰੀ ਬਿਆਨ ਆ ਰਹੇ ਹਨ, ਉਹ ਸੰਗਤਾਂ ਦੀ ਸੰਤੁਸ਼ਟੀ ਦਾ ਸਬੱਬ ਕਦਾਚਿਤ ਨਹੀਂ ਬਣ ਸਕਦੇ, ਚਾਹੀਦਾ ਤਾਂ ਇਹ ਹੈ ਕਿ ਜਿਨ੍ਹਾਂ ਚਿਰ ਸੈਟੇਲਾਈਟ ਚੈਨਲ ਦੇ ਬਦਲਵੇਂ ਪ੍ਰਬੰਧ ਸ਼੍ਰੋਮਣੀ ਕਮੇਟੀ ਨਹੀਂ ਕਰ ਲੈਂਦੀ, ਉਨ੍ਹਾਂ ਚਿਰ ਇਹ ਪ੍ਰਸਾਰਣ ਏਵੇਂ ਹੀ ਨਿਰੰਤਰ ਚਲਦਾ ਰਹਿਣਾ ਚਾਹੀਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਸਮੇਂ ਸਮੇਂ ਸ਼੍ਰੋਮਣੀ ਕਮੇਟੀ ਨੂੰ ਆਪਣਾ ਚੈਨਲ ਲਾਉਣ ਬਾਰੇ ਆਦੇਸ਼ ਹੁੰਦੇ ਰਹੇ ਹਨ, ਹੁਣ ਵੀ ਹੋਇਆ। ਸ਼੍ਰੋਮਣੀ ਕਮੇਟੀ ਵੱਲੋਂ ਲਿਆ ਗਿਆ ਫੈਸਲਾ ਚੰਗਾ ਹੈ, ਪਰ ਸ਼੍ਰੋਮਣੀ ਕਮੇਟੀ ਆਪਣਾ ਸੈਟੇਲਾਈਟ ਚੈਨਲ ਤਿਆਰ ਕਰਨ ਲਈ ਲੰਮੇਂ ਸਮੇਂ ਤੋਂ ਪਾਸਾ ਕਿਉਂ ਵੱਟਦੀ ਆ ਰਹੀ ਹੈ? ਅਨੇਕਾਂ ਵਾਰ ਜਨਰਲ ਹਾਊਸ ਅਤੇ ਅੰਤ੍ਰਿਗ ਕਮੇਟੀ ਵਿਚ ਮਤੇ ਪਾਸ ਹੋਏ, ਸਬ ਕਮੇਟੀਆਂ ਬਣੀਆਂ ਪਰ ਸਿੱਟਾ ਅੱਜ ਤਕ ਜ਼ੀਰੋ ਹੀ ਕਿਉਂ ਰਿਹਾ ਹੈ? ਇਸ ਦੇ ਪਿੱਛੇ ਕਿਹੜੇ ਕਾਰਨ, ਕਿਹੜੀ ਭਾਵਨਾ ਕੰਮ ਕਰਦੀ ਹੈ, ਇਹ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਾਂ ਅੰਤ੍ਰਿੰਗ ਕਮੇਟੀ ਦੇ ਮੈਂਬਰ ਹੀ ਦਸ ਸਕਦੇ ਹਨ। ਪੀ.ਟੀ.ਸੀ. ਚੈਨਲ ਗੁਰਬਾਣੀ ਪ੍ਰਸਾਰਣ ਕਰਨ ਦਾ ਸ਼੍ਰੋਮਣੀ ਕਮੇਟੀ ਨੂੰ ਸਾਲਾਨਾ ਵਿਦਿਆ ਫੰਡ ਲਈ ਦੋ ਕਰੋੜ ਰੁਪਏ ਦਿੰਦਾ ਹੈ, ਜਦ ਕਿ ਹੁਣ ਯੂਟਿਊਬ ਤੇ ਹੋਰ ਚੈਨਲ ਸ਼੍ਰੋਮਣੀ ਕਮੇਟੀ ਤੋਂ ਵੱਡੀ ਰਕਮ ਲੈਣ ਦੀ ਮੰਗ ਕਰਦੇ ਹਨ। ਚੈਨਲ ਦੇ ਮਾਲਕ ਚੰਗੇ-ਮਾੜੇ ਹੋ ਸਕਦੇ ਹਨ, ਪਰ ਕਾਰਜ ਤਾਂ ਵਿਵੇਕਸ਼ੀਲ ਹੈ। ਇਸ ਦਾ ਵਿਰੋਧ ਕੇਵਲ ਪਰਿਵਾਰ ਕਰਕੇ ਹੀ ਕਰੀ ਜਾਣਾ ਵਿਅਰਥ ਹੈ।

ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਗੁਰਬਾਣੀ ਪ੍ਰਸਾਰਣ ਲਈ ਪਹਿਲਾਂ ਈ.ਟੀ.ਸੀ ਨਾਲ ਸਮਝੌਤਾ ਕੀਤਾ, ਫਿਰ ਪੀ.ਟੀ.ਸੀ. ਨਾਲ। ਇਸ ਚੈਨਲ ਵਿੱਚ ਬਾਦਲ ਪਰਿਵਾਰ ਜੁੜ ਗਿਆ। ਇਸ ਸਮਝੌਤੇ ਵਿੱਚ ਕੋਈ ਐਸੀ ਅਵਸਥਾ ਨਹੀਂ ਸੀ ਕਿ ਕੋਈ ਹੋਰ ਵੈਬ ਚੈਨਲ ਜਾਂ ਕੋਈ ਚੈਨਲ ਹਿੱਸਾ ਲੈ ਸਕਦਾ, ਸਾਰੇ ਅਧਿਕਾਰ ਸਿਰਫ ਪੀ.ਟੀ.ਸੀ. ਕੋਲ ਸਨ। ਇਹ ਸਮਝੌਤਾ ਸਿੱਧਾ ਦਸ ਸਾਲ ਦਾ ਹੋਇਆ। ਫਿਰ ਇਹ ਸਮਝੌਤਾ ਦੂਜੀ ਵਾਰ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਵਧਾ ਦਿੱਤਾ। ਲੋਕ ਸਮਝਦੇ ਹਨ ਕਿ ਸਮਝੌਤੇ ਬਾਦਲ ਪਰਿਵਾਰ ਦੇ ਕਹਿਣ ਮੁਤਾਬਕ ਹੀ ਹੁੰਦੇ ਰਹੇ ਹਨ। ਸਮਝੌਤਿਆਂ ਦੀ ਡਰਾਫਟਿੰਗ ਵੀ ਚੰਡੀਗੜ੍ਹ, ਦਿੱਲੀ ਤੋਂ ਹੀ ਹੁੰਦੀ ਰਹੀ ਹੈ। ਹਰਿਆਣੇ ਨਾਲ ਸਬੰਧਤ ਇੱਕ ਸ਼੍ਰੋਮਣੀ ਕਮੇਟੀ ਮੈਂਬਰ ਇਸ ਲਈ ਮੂਹਰਲੀ ਭੂਮਿਕਾ ਨਿਭਾਉਂਦਾ ਰਿਹਾ।

ਹੁਣ ਸ਼੍ਰੋਮਣੀ ਕਮੇਟੀ ਨੇ ਆਪਣਾ ਚੈਨਲ ਲਾਂਚ ਕਰਨ ਦਾ ਜੋ ਫੈਸਲਾ ਲਿਆ, ਉਸ ਦਾ ਨਾਮ 'ਸੱਚਖੰਡ ਸ੍ਰੀ ਹਰਿਮੰਦਰ ਸਾਹਿਬ' ਰੱਖਿਆ ਗਿਆ। ਕੁੱਝ ਲੋਕਾਂ ਦੇ ਦਬਾਅ ਅੱਗੇ ਚੈਨਲ ਦਾ ਨਾਮ 'ਸੱਚਖੰਡ ਸ੍ਰੀ ਦਰਬਾਰ ਸਾਹਿਬ' ਕਰ ਦਿੱਤਾ ਗਿਆ ਹੈ। ਥੋੜ੍ਹੇ ਵਿਰੋਧ 'ਤੇ ਹੀ ਪ੍ਰਧਾਨ ਸਮੇਤ ਜਨਰਲ ਸਕੱਤਰ ਅੱਗੇ ਲੱਗ ਤੁਰੇ। ਕੋਈ ਦਲੀਲ ਨਾਲ ਸਮਝਾਉਣ ਜਾਂ ਫੈਸਲੇ 'ਤੇ ਪਹਿਰਾ ਦੇਣ ਦੀ ਜੁਅਰਤ ਹੀ ਗੁਆ ਬੈਠੇ।

ਵਿਦਵਾਨਾਂ ਤੇ ਗੁਰਸਿੱਖਾਂ ਨਾਲ ਵਿਚਾਰ-ਵਟਾਂਦਰੇ ਉਪਰੰਤ ਅੰਤ੍ਰਿੰਗ ਕਮੇਟੀ ਦੇ ਮਤਾ ਨੰ. 639 ਮਿਤੀ 09-02-2005 ਨੂੰ ਸ੍ਰੀ ਦਰਬਾਰ ਸਾਹਿਬ ਦਾ ਨਾਮ ਬਦਲ ਕੇ ਸ੍ਰੀ ਹਰਿਮੰਦਰ ਸਾਹਿਬ ਰੱਖਿਆ ਸੀ। ਫਿਰ ਜਨਰਲ ਹਾਊਸ ਦੇ ਮਤਾ ਨੰ. 278 ਰਾਹੀਂ ਇਸ ਦੀ ਪੁਸ਼ਟੀ ਹੋਈ ਹੈ। ਵਿਰੋਧੀ ਰਾਜਸੀ ਦਲਾਂ ਤੇ ਵਿਅਕਤੀਆਂ ਨੇ ਵਿਰੋਧ ਕਰਨਾ ਹੈ, ਜਿਸ ਦਾ ਵਿਰੋਧ ਨਹੀਂ, ਉਸ ਤੋਂ ਚੰਗੇਰੇ ਕਾਰਜ ਦੀ ਆਸ ਘੱਟ ਜਾਂਦੀ ਹੈ; ਪਰ ਸ਼੍ਰੋਮਣੀ ਕਮੇਟੀ ਆਪਣੇ ਜਨਰਲ ਹਾਊਸ ਤੇ ਅੰਤ੍ਰਿੰਗ ਕਮੇਟੀ ਦੇ ਫੈਸਲਿਆਂ ਨੂੰ ਆਪ ਹੀ ਰੱਦ ਕਰੀ ਜਾ ਰਹੀ ਹੈ। ਪਹਿਲਾਂ ਨਾਨਕਸ਼ਾਹੀ ਕੈਲੰਡਰ ਨੂੰ ਲੱਖਾਂ ਰੁਪਏ ਲਾ ਕੇ ਤਿਆਰ ਕੀਤਾ, ਕੁੱਝ ਸਮਾਂ ਉਹ ਲਾਗੂ ਵੀ ਰਿਹਾ। ਫਿਰ ਉਸ ਦਾ ਉਹ ਹਾਲ ਕੀਤਾ, ਨਾ ਹੁਣ ਉਹ ਨਾਨਕਸ਼ਾਹੀ ਤੇ ਨਾ ਬਿਕਰਮੀ ਰਹਿ ਗਿਆ। ਪੁਸਤਕਾਂ ਦੀ ਛਪਾਈ ਅਤੇ ਧਾਰਮਿਕ ਫਿਲਮਾਂ ਬਾਰੇ ਵੀ ਰੌਲਾ ਪੈਂਦਾ ਰਿਹਾ ਹੈ। ਫਿਰ ਗੁਰੂ ਮਹਾਰਾਜ ਦੇ ਸਰੂਪਾਂ ਬਾਰੇ ਲੰਮੇ ਸਮੇਂ ਤੋਂ ਚਰਚਾ ਰਹੀ। ਹੁਣ ਲੰਗਰ ਦੀਆਂ ਸੁੱਕੀਆਂ ਰੋਟੀਆਂ ਤੇ ਜੂਠ ਵੇਚਣ ਬਾਰੇ ਚਰਚਾ ਹੈ। ਸ਼੍ਰੋਮਣੀ ਕਮੇਟੀ ਆਪਣੇ ਫੈਸਲਿਆਂ 'ਚ ਆਪ ਹੀ ਘਿਰਦੀ ਰਹੀ ਹੈ। ਇਸ ਤਰ੍ਹਾਂ ਚੰਗੇ ਕੀਤੇ ਕਾਰਜ ਵੀ ਰੁਲ ਜਾਂਦੇ ਹਨ।

ਗੁਰਦੁਆਰਾ ਪ੍ਰਬੰਧ ਸੰਕਲਪ ਨੇ ਧਰਮ ਤੇ ਰਾਜਸੀ ਦਬਾਅ ਵਿੱਚੋਂ ਕਈ ਸੰਕਟਾਂ ਤੇ ਲਹਿਰਾਂ ਨੂੰ ਜਨਮ ਦਿੱਤਾ ਹੈ। ਸ਼੍ਰੋਮਣੀ ਕਮੇਟੀ ਮੈਂਬਰ ਅਤੇ ਮੁਲਾਜ਼ਮ ਵਰਗ ਨਾਲ ਬੇਇਨਸਾਫੀ ਤੇ ਧੱਕੇਸ਼ਾਹੀ ਨੇ ਇੱਕ ਸਦੀ ਦੇ ਇਤਿਹਾਸ ਨੂੰ ਤੋੜਿਆ ਹੈ। ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਸਾਡੇ ਨੇਤਾਵਾਂ ਦੀ ਜਿਦ ਤੇ ਮੂਰਖ ਮੱਤ ਦਾ ਹਿੱਸਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਪਾਠੀਆਂ, ਤੇ ਫਿਰ ਰਾਗੀਆਂ ਦੀਆਂ ਜਥੇਬੰਦੀਆਂ ਬਣੀਆਂ ਤੇ ਅੱਜ ਸਮੁੱਚੇ ਮੁਲਾਜ਼ਮਾਂ ਦੀ ਜਥੇਬੰਦੀ ਸਾਹਮਣੇ ਆ ਗਈ ਹੈ। ਹੁਣ ਗੁਰਦੁਆਰਿਆਂ ਵਿੱਚ ਵੀ ਹੜਤਾਲਾਂ, ਧਰਨੇ ਲਗਣਗੇ, ਮਰਿਆਦਾ ਮਰਿਆਦਾ ਦਾ ਰੌਲਾ ਪਾਉਣ ਵਾਲਿਆਂ ਲਈ ਹੁਣ ਹਰ ਪਲ ਇੱਕ ਨਵਾਂ ਸਵਾਲ ਸਾਹਮਣੇ ਖੜ੍ਹਾ ਰਹੇਗਾ, ਜਿਸ ਨਾਲ ਨਜਿੱਠਣਾ ਅਤੇ ਬਿਨਾ ਆਧਾਰ ਰੌਲੇ ਰੱਪੇ ਦਾ ਸਬੱਬ ਵੱਧ ਜਾਵੇਗਾ। ਮੁਲਾਜ਼ਮ ਵਰਗ ਨੂੰ ਵੀ ਤਹੱਮਲ ਤੇ ਸਹਿਜ ਤੋਂ ਕੰਮ ਲੈਂਦਿਆਂ ਆਪਣੇ ਜ਼ੁੰਮੇ ਲੱਗੇ ਕੰਮਕਾਰ ਦੀ ਗ੍ਰਹਿਮਾ ਨੂੰ ਸਮਝਣ ਦੀ ਲੋੜ ਹੈ। ਮੈਂ ਏਥੇ ਉਸ ਨਾਉਂ ਦੀ ਚਰਚਾ ਵੀ ਪਾਠਕਾਂ ਨਾਲ, ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਦੀ ਪੁਸਤਕ 'ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ' ਦੇ ਹਵਾਲੇ ਨਾਲ ਸਾਂਝੀ ਕਰ ਰਿਹਾ ਹਾਂ, ਕਿਉਂਕਿ ਸਮੇਂ ਸਮੇਂ ਸਿੱਖੀ ਸਿਧਾਂਤ ਤੇ ਇਤਿਹਾਸ ਨੂੰ ਸੱਟ ਮਾਰਨ ਵਾਲੇ ਕੁੱਝ ਲੋਕ ਅਖ਼ਬਾਰੀ ਚਰਚਾ ਛੇੜੀ ਰੱਖਦੇ ਹਨ।

"ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਿੱਖ ਕੌਮ ਦਾ ਸ਼੍ਰੋਮਣੀ ਕੇਂਦਰੀ ਧਾਰਮਿਕ ਅਸਥਾਨ ਹੈ। ਇਸ ਦੇ ਚਾਰ-ਚੁਫੇਰੇ ਅੰਮ੍ਰਿਤ-ਜਲ ਦੀਆਂ ਪਵਿੱਤਰ ਲਹਿਰਾਂ ਨਾਲ ਲਹਿਰਾਉਂਦਾ ਅੰਮ੍ਰਿਤ-ਸਰੋਵਰ ਇਸ ਦੀ ਸ਼ਾਨ ਤੇ ਮਹਾਨਤਾ ਨੂੰ ਚਾਰ-ਚੰਨ ਲਾਉਂਦਾ ਹੈ। ਇਹ ਸਿੱਖ ਸਤਿਗੁਰਾਂ ਦੀ ਅਮਰ ਯਾਦਗਾਰ ਹੈ। ਇਹ ਜਗਤ ਨੂੰ ਸਤਿਗੁਰਾਂ ਦੀ ਮਹਾਨ ਅਦੁੱਤੀ ਤੇ ਅਮੋਲਕ ਦੇਣ ਹੈ। ਸਿੱਖ ਰਹੁ-ਰੀਤੀ ਦਾ ਕੇਂਦਰੀ ਧੁਰਾ ਹੈ। ਸਿੱਖੀ ਦਾ ਮਾਣ ਤੇ ਖਾਲਸਾ ਪੰਥ ਦੀ ਆਨ-ਸ਼ਾਨ ਤੇ ਪ੍ਰਾਣ ਹੈ। ਇਹ ਸ੍ਰੀ ਹਰਿਮੰਦਰ, ਆਤਮਕ ਹੁਲਾਸ ਦਾ ਸੋਮਾ, ਗੁਰਬਾਣੀ ਦੇ ਕੀਰਤਨ ਤੇ ਪਾਠ ਦੀ ਵਗਦੀ ਅਖੰਡ ਨਿਰਮਲ ਧਾਰਾ, ਸੇਵਾ ਤੇ ਸਿਮਰਨ ਦਾ ਸੰਗਮ ਅਤੇ ਸਿੱਖੀ ਦਾ ਰੌਸ਼ਨ ਮੀਨਾਰ ਹੈ। ਇਹ ਤਾਂ 'ਹਰਿ ਜਪੇ ਹਰਿ ਮੰਦਰੁ ਸਾਜਿਆ' ਹੈ। ਇਹ ਗੁਰ-ਅਸਥਾਨ ਰੱਬੀ ਪਿਆਰ, ਏਕਤਾ, ਸਮਾਨਤਾ, ਇਕ-ਸੁਰਤਾ ਅਤੇ ਮਨੁੱਖ ਮਾਤਰ ਦੇ ਪ੍ਰਸਪਰ ਪਿਆਰ ਦਾ ਕੇਵਲ ਪ੍ਰਤੀਕ ਹੀ ਨਹੀਂ, ਸਗੋਂ ਜਿਉਂਦਾ-ਜਾਗਦਾ ਮੂੰਹ ਬੋਲਦਾ ਸੁੰਦਰ ਅਨੂਠਾ ਅਜੂਬਾ ਹੈ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਇਨਸਾਨੀ ਭਾਈਚਾਰੇ ਅਤੇ ਮਨੁੱਖੀ ਏਕਤਾ ਨੂੰ ਸਵੈਮਾਨ ਨਾਲ ਜੀਵਨ ਜਿਉਣ ਦੀ ਪ੍ਰੇਰਨਾ ਅਤੇ ਜਬਰ ਵਿਰੁੱਧ ਜੂਝਣ ਦੇ ਜਜ਼ਬੇ ਦਾ ਸੋਮਾ ਵੀ ਹੈ। ਇਸ ਹਰਿਮੰਦਰ ਦੀ ਪਾਵਨ ਹੋਂਦ ਨੂੰ ਕਾਇਮ ਰੱਖਣ ਲਈ ਅਣਗਿਣਤ ਗੁਰੂ ਪਿਆਰਿਆਂ ਨੇ ਆਪਣੇ ਲਹੂ ਤੇ ਮਿੱਝ ਦਾ ਸੀਮਿੰਟ ਅਤੇ ਸਿਰਾਂ ਦੀਆਂ ਇੱਟਾਂ ਲਾਈਆਂ ਹਨ। ਇਥੇ ਅੱਠੇ ਪਹਿਰ ਗੁਰਬਾਣੀ ਦੇ ਪਾਠ ਤੇ ਕੀਰਤਨ ਦੀਆਂ ਅਗੰਮੀ ਧੁਨਾਂ ਇਸ ਦੇ ਚੌਗਿਰਦੇ ਦੇ ਵਾਤਾਵਰਨ ਨੂੰ ਅਧਿਆਤਮਕ ਸੁਗੰਧੀ ਨਾਲ ਸੁਗੰਧਤ ਕਰ ਰਹੀਆਂ ਹਨ, ਜਿਸ ਕਰ ਕੇ ਹਰ ਯਾਤਰੂ ਭਾਵੇਂ ਉਹ ਕਿਸੇ ਦੇਸ਼, ਨਸਲ, ਮਜ਼੍ਹਬ, ਜ਼ਾਤੀ ਤੇ ਸੰਪ੍ਰਦਾ ਨਾਲ ਸਬੰਧਤ ਹੋਵੇ, ਆਪਣੇ ਆਪ ਨੂੰ ਅਗੰਮੀ ਰਸ ਵਿੱਚ ਮਗਨ ਹੋਇਆ ਅਨੁਭਵ ਕਰਦਾ ਹੈ। ਇਹੋ ਕਾਰਨ ਹੈ ਕਿ ਦੇਸ਼-ਵਿਦੇਸ਼ ਵਿੱਚ ਵਸਦਾ ਹਰ ਗੁਰਸਿੱਖ ਦੋਨੋਂ ਵੇਲੇ ਦੀ ਅਰਦਾਸ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ ਦੀ ਆਪਣੀ ਮੰਗ ਨੂੰ ਹਰ ਰੋਜ਼ ਦੁਹਰਾਉਂਦਾ ਹੈ। ਜਦ ਅਸੀਂ ਸ੍ਰੀ ਹਰਿਮੰਦਰ ਸਾਹਿਬ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿੱਚੋਂ ਖੋਜ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਸਿਰੀਰਾਗੁ ਦੇ ਨੌਵੇਂ ਸ਼ਬਦ ਵਿੱਚ ਲਿਖਦੇ ਹਨ: ਪ੍ਰਭ ਹਰਿਮੰਦਰ ਸੋਹਣਾ ਤਿਸੁ ਮਹਿ ਮਾਣਕ ਲਾਲ॥ (ਅੰਗ 17); ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿੱਚ 15 ਵਾਰ ਹਰਿਮੰਦਰ ਪਦ ਦੀ ਵਰਤੋਂ ਕੀਤੀ ਹੈ। ਪ੍ਰਭਾਤੀ ਰਾਗ ਅੰਦਰ ਰਾਮਕਲੀ ਦੀ ਵਾਰ ਵਿੱਚ ਇਕੋ ਸ਼ਬਦ ਵਿੱਚ 12 ਵਾਰ 'ਹਰਿਮੰਦਰ' ਸ਼ਬਦ ਦੀ ਵਰਤੋਂ ਹੋਈ ਹੈ। 'ਹਰਿ ਮੰਦਰੁ ਹਰਿ ਜੀਉ ਸਾਜਿਆ', 'ਹਰਿ ਮੰਦਰੁ ਹਰਿ ਕਾ ਹਾਟੁ ਹੈ', 'ਹਰਿ ਮੰਦਰ ਮਹਿ ਹਰਿ ਵਸੈ, ਹਰਿ ਮੰਦਰੁ ਸੋਈ ਆਖੀਐ...॥' ਸ੍ਰੀ ਗੁਰੂ ਰਾਮਦਾਸ ਜੀ ਨੇ ਦੋ ਵਾਰ ਹਰਿਮੰਦਰ ਪਦ ਆਪਣੀ ਬਾਣੀ ਵਿਖੇ ਵਰਤਿਆ ਹੈ, ਹਰਿ ਮੰਦਰੁ ਹਰਿ ਸਾਜਿਆ, ਹਰਿ ਵਸੈ ਜਿਸੁ ਨਾਲਿ॥" (ਅੰਗ 1418)

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ ਹਰਿਮੰਦਰ ਪਦ ਤਿੰਨ ਵਾਰ ਆਇਆ ਹੈ। ਸ੍ਰੀ ਹਰਿਮੰਦਰ ਸਾਹਿਬ ਜੀ ਦੀ ਰਚਨਾ ਦਾ ਸੰਕਲਪ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸੀ। ਜਿਸ ਨੂੰ ਰਚਨ ਹਿਤ ਇਹ ਸੰਕਲਪ ਸ੍ਰੀ ਗੁਰੂ ਅੰਗਦ ਦੇਵ ਜੀ ਰਾਹੀਂ ਸ੍ਰੀ ਗੁਰੂ ਅਮਰਦਾਸ ਜੀ ਤੱਕ ਅਪੜਿਆ। ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਸ਼ਹਿਰ, ਸਰੋਵਰ ਤੇ ਹਰਿਮੰਦਰ ਸਾਹਿਬ ਦੇ ਰਚਨ ਦਾ ਹੁਕਮ ਕੀਤਾ, ਪਰ ਸਮਾਂ ਸੀਮਤ ਹੋਣ ਦੇ ਕਾਰਨ ਸ੍ਰੀ ਗੁਰੂ ਰਾਮਦਾਸ ਜੀ ਨੇ ਸ਼ਹਿਰ ਦੀ ਉਸਾਰੀ ਤੇ ਦੋਹਾਂ ਸਰੋਵਰਾਂ ਦੀ ਖੁਦਾਈ ਤਾਂ ਕਰਵਾਈ, ਪਰ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਆਰੰਭ ਨਾ ਹੋ ਸਕੀ। ਸ੍ਰੀ ਹਰਿਮੰਦਰ ਸਾਹਿਬ ਦੇ ਰਚਨ ਦਾ ਕਾਰਜ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਗਏ, ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ-ਸਰੋਵਰ ਦੀ ਕਾਰ-ਸੇਵਾ ਉਪਰੰਤ ਸ੍ਰੀ ਅਕਾਲ ਪੁਰਖ ਜੀ ਦੀ ਆਗਿਆ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਆਰੰਭ ਕਰਵਾਈ। ਇਸ ਦੇ ਨਾਉਂ ਵਿਚ ਹਰਿ ਮੰਦਰ ਸ਼ਬਦ ਆਉਣ ਤੇ ਕਿਸੇ ਤੋਂ ਡਰਨ ਜਾਂ ਸਪਸ਼ਟੀਕਰਨ ਦੇਣ ਦੀ ਲੋੜ ਨਹੀਂ ਹੈ। ਇਹ ਅਕਾਲ ਪੁਰਖ ਦਾ ਸਾਜਿਆ ਹਰਿਮੰਦਿਰ ਹੈ।


FREE FOOD AND FREE PARKING
LIVE CONCERT AT EVENING
PUNJAB FC MELA 2023
July 29, 2023
PUNJAB FC 8TH ANNUAL KHED MELA 2023
HERITAGE PARK CANTON 1150 S CANTON CENTER RD, CANTON, MI 48188
GOLF COMPETITION
MARATHON
SOCCER
VOLLEYBALL
SEEP COMPETITION
ATHLETICS
KABADDI
SOCCER
GOLDY DHILLON: 734-444-9625
DAVINDER GREWAL: 734-560-2886
VOLLYBALL
RACHHPAL SIDHU: 734-394-8423
HARSIMRAN RANDHAWA: 734-233-8791
KABADDI
JASWINDER SANDHU: 734-931-2313
PARAMJIT S SAGINAW: 989-928-1125
KEEPA TANDA: +1 (214) 973-2233
CRICKET SUPER 6 MATCHES
CRICKET
GURINDER MANGAT: 734-447-6159
FOR SPONSORSHIP AND EVENT INFO VISIT OUR WEBSITE:
WWW.PUNJABFCMI.COM
• LIVE
MANMOHAN WARIS,
KAMAL HEER, SANGTAR

# PUNJAB FC

## 8TH ANNUAL KHED MELA

PUNJAB FC MELA 2023

Join us for a day full of live music, sports, culture and tradition!

**JULY 29TH 2023**

**FREE FOOD & PARKING**

**HERITAGE PARK**

1150 CANTON CENTER RD, CANTON, MI



**All are cordially invited to come with their families.**


## ਪਰਿਵਾਰਾਂ ਸਮੇਤ ਆਓ ਮੇਲੇ ਦੀ ਰੌਣਕ ਵਧਾਓ


ਦਰਸ਼ਕਾਂ ਲਈ ਖਾਣਾ ਅਤੇ ਪਾਰਕਿੰਗ ਮੁਫ਼ਤ ਹੋਣਗੇ

# ਭਾਈ ਕਾਨ੍ਹ ਸਿੰਘ ਨਾਭਾ ਦੇ ਜੀਵਨ ਅਤੇ ਮਹਾਨ ਕੋਸ਼ ਬਾਰੇ ਚਰਚਾ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਭਾਈ ਕਾਨ੍ਹ ਸਿੰਘ ਨਾਭਾ ਅਤੇ ਉਨ੍ਹਾਂ ਦੇ ਮਹਾਨ ਵਿਸ਼ਵ ਵਿਆਪੀ ਗਿਆਨ ਸੰਗ੍ਰਿਹ 'ਮਹਾਨ ਕੋਸ਼' ਬਾਰੇ ਵਿਚਾਰ-ਚਰਚਾ ਲੰਘੇ ਦਿਨੀਂ ਪੈਲਾਟਾਈਨ ਪਬਲਿਕ ਲਾਇਬ੍ਰੇਰੀ ਵਿੱਚ ਹੋਈ, ਜਿਸ ਵਿੱਚ ਭਾਸ਼ਾ ਵਿਭਾਗ ਦੇ ਸਾਬਕਾ ਡਾਇਰੈਕਟਰ ਡਾ. ਮਦਨ ਲਾਲ ਹਸੀਜਾ, ਡਾ. ਰੂਪ ਸਿੰਘ, ਪ੍ਰੋ. ਕੁਲਵੰਤ ਸਿੰਘ ਹੁੰਦਲ ਤੇ ਭਾਈ ਦਲਜੀਤ ਸਿੰਘ ਬਤੌਰ ਮੁੱਖ ਬੁਲਾਰੇ ਸ਼ਾਮਲ ਹੋਏ। ਇਸ ਤੋਂ ਇਲਾਵਾ ਕੌਂਸਲ ਰਣਜੀਤ ਸਿੰਘ, ਪ੍ਰੋ. ਜਸਪਾਲ ਸਿੰਘ ਤੇ ਪ੍ਰੋ. ਦਰਸ਼ਨ ਸਿੰਘ ਗਰੇਵਾਲ ਨੇ ਵੀ ਆਪਣੇ ਵਿਚਾਰ ਰੱਖੇ।

ਆਪਣੇ ਸੰਬੋਧਨ ਵਿੱਚ ਡਾ. ਮਦਨ ਲਾਲ ਹਸੀਜਾ ਨੇ ਕਿਹਾ ਕਿ ਮਹਾਨ ਕੋਸ਼ ਵਿੱਚ ਦੁਨੀਆਂ ਭਰ ਦਾ ਗਿਆਨ ਹੈ, ਪਰ ਇਸ ਨੂੰ ਸਿਰਫ ਪੰਜਾਬੀ ਤੇ






ਸਿੱਖੀ ਤੱਕ ਹੀ ਸੀਮਤ ਰੱਖਿਆ ਗਿਆ ਹੈ। ਹਿੰਦੂ ਮਿਥਿਹਾਸ ਦਾ ਜਿੰਨਾ ਗਿਆਨ ਇਸ ਵਿੱਚ ਹੈ, ਹੋਰ ਕਿਤੇ ਸ਼ਾਇਦ ਨਹੀਂ। ਅਰਬੀ, ਫਾਰਸੀ, ਹਿੰਦੀ, ਸੰਸਕ੍ਰਿਤ ਸ਼ਬਦਾਂ ਦਾ ਵਿਸਥਾਰ ਸਹਿਤ ਵੇਰਵਾ ਕਿਤੇ ਨਹੀਂ ਮਿਲਦਾ। ਜੜੀ-ਬੂਟੀਆਂ ਦਾ ਗਿਆਨ ਹੱਦੋਂ ਵੱਧ ਇਸ ਵਿੱਚ ਮਿਲਦਾ ਹੈ। ਜਾਤਾਂ-ਗੋਤਾਂ ਦਾ ਵਿਸਥਾਰ ਸ਼ਾਮਿਲ ਹੈ।

ਉਨ੍ਹਾਂ ਮਹਾਨ ਕੋਸ਼ ਦਾ ਅਨੁਵਾਦ ਕਰਵਾਏ ਜਾਣ ਦੇ ਕਾਰਜ ਬਾਰੇ ਦੱਸਿਆ ਕਿ ਇੱਡੇ ਵੱਡੇ ਪ੍ਰਾਜੈਕਟ ਨੂੰ ਹੱਥ ਪਾਉਣਾ ਸੌਖਾ ਨਹੀਂ ਸੀ। ਉਨ੍ਹਾਂ ਦੱਸਿਆ ਕਿ ਰਤਨਾਕਰ ਸ਼ਬਦ ਵੀ ਦੋ ਲਫਜ਼ਾਂ ਦਾ ਸਮੂਹ ਹੈ: ਰਤਨ ਭਾਵ ਹੀਰੇ ਅਤੇ ਆਕਰ ਭਾਵ ਭੰਡਾਰ (ਸੰਸਕ੍ਰਿਤ ਵਿੱਚ), ਪਰ ਬਹੁਤੇ ਸ਼ਬਦ ਅਲੋਪ ਹੋ ਗਏ ਹਨ। ਇੱਕੋ ਲਫਜ਼ ਦੇ ਵੱਖ ਵੱਖ ਭਾਸ਼ਾਵਾਂ ਵਿੱਚ ਵੱਖਰੇ ਅਰਥ ਵੀ ਹਨ, ਫਿਰ ਮੂਲ ਨਾਲ ਛੇੜਛਾੜ ਵੀ ਨਹੀਂ ਕੀਤੀ ਜਾ ਸਕਦੀ।

ਡਾ. ਹਸੀਜਾ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਤੁਕਾਂ ਦੇ ਅਨੁਵਾਦ ਕਰਨ ਵਿੱਚ ਇਨਸਾਫ ਨਹੀਂ ਕੀਤਾ ਜਾ ਸਕਦਾ, ਇਸ ਲਈ ਉਨ੍ਹਾਂ ਦਾ ਲਿਪੀ ਅੰਤਰਣ ਕਰਨਾ ਹੀ ਉਚਿਤ ਸਮਝਿਆ ਗਿਆ। ਅੰਗਰੇਜ਼ੀ ਅਲਫਾਬੈਟ ਵਿੱਚ ਅੱਖਰ 25 ਹੀ ਹਨ, ਉਨ੍ਹਾਂ ਤਹਿਤ ਗੁਰਮੁਖੀ ਦੇ 35 ਅੱਖਰ ਤੇ ਲਾਵਾਂ, ਦੁਲਾਵਾਂ ਦਾ ਸਹੀ ਉਚਾਰਨ ਕਿਵੇਂ ਹੋਵੇ! ਉਨ੍ਹਾਂ ਕਿਹਾ ਕਿ ਹਰ ਬੋਲੀ ਦਾ ਆਪਣਾ ਉਚਾਰਨ ਹੈ। ਫੈਸਲਾ ਹੋਇਆ ਕਿ ਅਨੁਵਾਦ ਵੇਲੇ ਗੁਰਮੁਖੀ ਲਿਪੀ ਵਿੱਚ ਸ਼ੁੱਧ ਉਚਾਰਨ ਲਈ 'ਸਮਾਨ ਚਿੰਨ੍ਹਾਂ' ਦੀ ਵਰਤੋਂ ਕੀਤੀ ਜਾਵੇ। ਅਖੀਰ ਪੰਜਾਬੀ ਯੂਨੀਵਰਸਿਟੀ ਨੇ ਸਹਿਮਤੀ ਦੇ ਦਿੱਤੀ ਅਤੇ ਵੱਖ ਵੱਖ ਮਾਹਿਰ ਇਕੱਠੇ ਕੀਤੇ ਗਏ, ਕਮੇਟੀਆਂ-ਬੋਰਡ ਬਣੇ। ਭਾਈ ਕਾਨ੍ਹ ਸਿੰਘ ਨਾਭਾ ਦੇ ਵਾਰਿਸਾਂ ਅਤੇ ਪੰਜਾਬ ਸਰਕਾਰ ਦੀ ਮਾਇਕ ਸਹਾਇਤਾ ਨਾਲ ਲਗਪਗ 4 ਸਾਲਾਂ ਵਿੱਚ ਅਨੁਵਾਦ ਮੁਕੰਮਲ ਹੋ ਸਕਿਆ; ਪਰ ਨਾਲ ਹੀ ਉਨ੍ਹਾਂ ਕਿਹਾ ਕਿ ਕੁਝ ਭਾਗ ਛਪ ਗਏ ਅਤੇ ਨੈੱਟ ਉਤੇ ਪੈ ਵੀ ਗਏ, ਪਰ ਹਰ ਇੱਕ ਨੂੰ ਖੁਸ਼ ਕਰਨਾ ਔਖਾ ਹੈ।

ਡਾ. ਹਸੀਜਾ ਨੇ ਦੱਸਿਆ ਕਿ ਆਪਣੇ ਕਾਰਜ ਕਾਲ ਵਿੱਚ ਉਨ੍ਹਾਂ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ, ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀਆਂ ਸ਼ਤਾਬਦੀਆਂ ਦੌਰਾਨ ਵਿਸ਼ੇਸ਼ ਤੌਰ 'ਤੇ ਪੁਸਤਕਾਂ ਛਪਵਾਈਆਂ। ਵਿਸ਼ੇਸ਼ ਕਰ ਕੇ 300 ਸਾਲਾ ਖਾਲਸਾ ਸਿਰਜਣਾ ਮੌਕੇ 300 ਪੁਸਤਕਾਂ ਪਾਠਕਾਂ ਦੀ ਝੋਲੀ ਪਾਈਆਂ।

ਜ਼ਿਕਰਯੋਗ ਹੈ ਕਿ ਡਾ. ਮਦਨ ਲਾਲ ਹਸੀਜਾ ਦੀਆਂ 22 ਕਿਤਾਬਾਂ ਛਪ ਚੁਕੀਆਂ ਹਨ ਅਤੇ ਉਨ੍ਹਾਂ 29 ਕਿਤਾਬਾਂ ਦੇ ਅਨੁਵਾਦ ਕੀਤੇ ਹਨ। ਉਹ ਬਹਾਵਲਪੁਰ ਦੇ ਜੰਮਪਲ ਹਨ ਅਤੇ ਬਹਾਵਲਪੁਰ ਸਮਾਜ ਦੇ ਨੈਸ਼ਨਲ ਪ੍ਰਧਾਨ ਹਨ। ਉਹ ਪੰਜਾਬ ਰਾਈਟਰਜ਼ ਤੇ ਕਲਚਰਲ ਫੋਰਮ ਪਟਿਆਲਾ ਦੇ ਕਾਰਜਕਾਰੀ ਸਕੱਤਰ ਵੀ ਹਨ, ਜੋ ਪੰਜਾਬ ਰਤਨ, ਪਟਿਆਲਾ ਰਤਨ ਵਰਗੇ ਇਨਾਮ ਪ੍ਰਮੁੱਖ ਸ਼ਖਸੀਅਤਾਂ ਨੂੰ ਨਿਵਾਜਦੇ ਹਨ। ਉਹ ਸਰਬੱਤ ਦਾ ਭਲਾ ਟਰੱਸਟ ਵਿੱਚ ਵੀ ਸੇਵਾ ਨਿਭਾਉਂਦੇ ਹਨ। ਡਾ. ਹਸੀਜਾ ਦਾ ਮਾਤਾ ਜੀ ਤੋਂ ਬਿਨਾ ਸਾਰਾ ਪਰਿਵਾਰ 1947 ਦੇ ਦੰਗਿਆਂ ਦੀ ਭੇਟ ਚੜ੍ਹ ਗਿਆ। ਡਾ. ਹਸੀਜਾ ਨਿਊਕਲੀਅਰ ਫਿਜੀਕਸ ਵਿੱਚ ਪੀਐਚ.ਡੀ. ਹਨ, ਪਰ ਰੂਹ ਦੀ ਸੰਤੁਸ਼ਟੀ ਤੇ ਮਾਂ ਦਾ ਕਰਜ਼ ਇਨ੍ਹਾਂ ਨੇ ਪੰਜਾਬੀ ਦੀ ਐਮ.ਏ. 'ਚ ਗੋਲਡ ਮੈਡਲ ਲੈ ਕੇ ਲਾਹਿਆ।

ਡਾ. ਹਸੀਜਾ ਨੇ ਦੱਸਿਆ ਕਿ ਬੇਸ਼ੱਕ ਮੈਂ ਹਿੰਦੂ ਪਰਿਵਾਰ ਵਿੱਚ ਪੈਦਾ ਹੋਇਆ, ਪਰ ਮੈਂ ਹਮੇਸ਼ਾ ਆਪਣੇ ਸਿਰ 'ਤੇ ਗੁਰੂ ਗੋਬਿੰਦ ਸਿੰਘ ਜੀ ਹੱਥ ਮਹਿਸੂਸ ਕਰਦਾ ਹਾਂ। ਉਹ ਫਤਹਿਗੜ੍ਹ ਸਾਹਿਬ ਵਿਖੇ ਸਾਹਿਬਜ਼ਾਦਿਆਂ ਵਾਲੀ ਕੰਧ ਨੂੰ ਢਾਸਣਾ ਲਾ ਕੇ ਪੜ੍ਹਦੇ ਰਹੇ। ਸ੍ਰੀ ਅਨੰਦਪੁਰ ਸਾਹਿਬ ਕਾਲਜ ਵੇਲੇ ਕੇਸਗੜ੍ਹ ਸਾਹਿਬ 'ਚ ਨਗਾਰਾ ਵਜਾਉਂਦੇ ਹੁੰਦੇ ਸਨ। ਉਨ੍ਹਾਂ ਨੂੰ ਬਹੁਤ ਇਨਾਮ ਵੀ ਮਿਲ ਚੁਕੇ ਹਨ। ਇਨ੍ਹੀਂ ਦਿਨੀਂ ਉਹ ਆਪਣੇ ਬੇਟੇ ਕੋਲ ਨੇਪਰਵਿਲ ਵਿਖੇ ਰਹਿ ਰਹੇ ਹਨ।

ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੇ ਸਾਬਕਾ ਪ੍ਰਧਾਨ ਪ੍ਰੋ. ਕੁਲਵੰਤ ਸਿੰਘ ਹੁੰਦਲ ਨੇ ਦੱਸਿਆ ਕਿ ਭਾਈ ਕਾਨ੍ਹ ਸਿੰਘ ਨਾਭਾ 30 ਅਗਸਤ 1861 ਵਿੱਚ ਪਟਿਆਲਾ ਰਿਆਸਤ ਦੇ ਪਿੰਡ ਸਬਜ਼ ਬਨੇਰਾ ਵਿੱਚ ਸੰਤ ਨਰੈਣ ਸਿੰਘ ਤੇ ਮਾਤਾ ਹਰ ਕੌਰ ਦੇ ਘਰ ਪੈਦਾ ਹੋਏ ਅਤੇ 24 ਨਵੰਬਰ 1938 ਨੂੰ ਆਪਣੀ ਜੀਵਨ ਯਾਤਰਾ ਸਫਲ ਕਰ ਗਏ। ਉਨ੍ਹਾਂ ਕਿਸੇ ਸਕੂਲ ਤੋਂ ਕੋਈ ਰਸਮੀ ਵਿਦਿਆ ਪ੍ਰਾਪਤ ਨਹੀਂ ਕੀਤੀ, ਪਰ ਲਗਨ ਤੇ ਦ੍ਰਿੜਤਾ ਨੇ ਉਨ੍ਹਾਂ ਦੀ ਗਿਆਨ ਪ੍ਰਾਪਤੀ ਦੀ ਵਿਦਵਤਾ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਉਨ੍ਹਾਂ ਦੇ ਪਿਤਾ ਜੀ ਗੁਰਦੁਆਰਾ ਡੇਰਾ ਬਾਬਾ ਅਜੈਪਾਲ ਸਿੰਘ ਨਾਭਾ ਦਾ ਪ੍ਰਬੰਧ ਚਲਾਉਂਦੇ ਹੋਣ ਕਾਰਨ ਘਰ ਵਿੱਚ ਧਾਰਮਿਕ ਮਾਹੌਲ ਸੀ। ਦਸ ਸਾਲ ਦੀ ਉਮਰ ਵਿੱਚ ਉਨ੍ਹਾਂ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਬਾਰੇ ਕਾਫੀ ਗਿਆਨ ਪ੍ਰਾਪਤ ਕਰ ਲਿਆ ਸੀ। ਸਥਾਨਕ ਪੰਡਿਤਾਂ ਤੋਂ ਸੰਸਕ੍ਰਿਤ ਸਿੱਖੀ ਅਤੇ ਗੀਤ-ਸੰਗੀਤ ਮਹੰਤ ਗੱਜਾ ਸਿੰਘ ਤੋਂ ਸਿੱਖਿਆ। ਦਿੱਲੀ ਆ ਕੇ ਫਾਰਸੀ ਸਿੱਖੀ। ਦਿੱਲੀ ਵਿੱਚ ਹੀ ਉਨ੍ਹਾਂ ਦੀ ਨੇੜਤਾ ਸਿੰਘ ਸਭਾ ਲਹਿਰ ਦੇ ਆਗੂ ਗੁਰਮੁਖ ਸਿੰਘ ਨਾਲ ਹੋ ਗਈ ਤੇ ਉਨ੍ਹਾਂ ਸੁਧਾਰਕ ਕਿਤਾਬ ਛਪਵਾਉਣ 'ਚ ਮਦਦ ਕੀਤੀ। ਉਥੇ ਹੀ ਉਨ੍ਹਾਂ ਦੀ ਡਿਊਟੀ ਨਾਭੇ ਦੇ ਹੋਣ ਵਾਲੇ ਰਾਜੇ ਰਿਪੁਦਮਨ ਸਿੰਘ ਨੂੰ ਪੜ੍ਹਾਉਣ ਦੀ ਲੱਗ ਗਈ। ਫਿਰ ਨਾਭਾ ਰਿਆਸਤ ਵਿੱਚ ਉਹ ਡੀ.ਸੀ., ਵਿਦੇਸ਼ ਮੰਤਰੀ, ਮਹਾਰਾਜਾ ਹੀਰਾ ਸਿੰਘ ਦੇ ਨਿੱਜੀ ਸਕੱਤਰ ਤੇ ਹਾਈ ਕੋਰਟ ਦੇ ਜੱਜ ਰਹੇ। 1915-17 ਵਿੱਚ ਉਹ ਪਟਿਆਲਾ ਰਿਆਸਤ ਨਾਲ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ।

ਪ੍ਰੋ. ਹੁੰਦਲ ਨੇ ਦੱਸਿਆ ਕਿ 1885 ਵਿੱਚ ਭਾਈ ਕਾਨ੍ਹ ਸਿੰਘ ਨਾਭਾ ਦੀ ਮੁਲਾਕਾਤ ਐਮ.ਏ. ਮੈਕਾਲਿਫ ਨਾਲ ਹੋ ਗਈ, ਜਿਸ ਨੇ ਸਿੱਖ ਧਰਮ 'ਤੇ 6 ਭਾਗਾਂ ਵਿੱਚ ਕਿਤਾਬਾਂ ਲਿਖੀਆਂ। ਉਨ੍ਹਾਂ ਦੀ ਮਿੱਤਰਤਾ ਇੰਨੀ ਵਧ ਗਈ ਕਿ ਇਨ੍ਹਾਂ ਭਾਗਾਂ ਦੇ ਕਾਪੀਰਾਈਟਸ ਭਾਈ ਸਾਹਿਬ ਦੇ ਨਾਂ ਕਰ ਦਿੱਤੇ। ਮੈਕਾਲਿਫ ਕੋਲ ਇੰਗਲੈਂਡ ਦੋ ਕੋਠੀਆਂ ਸਨ, ਜਿਨ੍ਹਾਂ ਵਿੱਚੋਂ ਇੱਕ ਭਾਈ ਸਾਹਿਬ ਨੂੰ ਦੇ ਦਿੱਤੀ। ਭਾਈ ਸਾਹਿਬ ਆਪਣੀ ਨਾਗਰਿਕਤਾ ਵੀ 'ਬ੍ਰਿਟਿਸ਼ ਇੰਡੀਅਨ' ਕਰ ਕੇ ਲਿਖਿਆ ਕਰਦੇ ਸਨ।

ਉਨ੍ਹਾਂ ਦੱਸਿਆ ਕਿ ਭਾਈ ਸਾਹਿਬ ਨੇ ਗੁਰਬਾਣੀ 'ਤੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿੱਚ ਗੁਰਮਤਿ ਪ੍ਰਭਾਕਰ, ਗੁਰਮਤਿ ਸੁਧਾਰਕ, ਰਾਜ ਧਰਮ, ਗੁਰਮਤਿ ਦਿਵਾਕਰ, ਗੁਰ ਸ਼ਬਦ ਅਲੰਕਾਰ, ਰੂਪ ਦੀਪ ਪਿੰਗਲ, ਗੁਰਮਤਿ ਮਾਰਤੰਡ, 'ਹਮ ਹਿੰਦੂ ਨਹੀਂ' ਸ਼ਾਮਲ ਹਨ; ਪਰ ਵਧੇਰੇ ਪ੍ਰਸਿੱਧੀ ਉਨ੍ਹਾਂ ਦੀ ਅਮਰ ਰਚਨਾ 'ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼' ਹੀ ਹੈ, ਜਿਸ ਵਿੱਚ 64,263 ਸ਼ਬਦ ਹਨ। ਮਹਾਨ ਕੋਸ਼ ਲਿਖਣ ਲੱਗਿਆਂ ਕਰੀਬ 15 ਸਾਲ ਲੱਗੇ ਤੇ ਸਾਰਾ ਖਰਚਾ ਰਿਆਸਤ ਨਾਭਾ ਨੇ ਦਿੱਤਾ। ਇਸ ਵਿੱਚ ਨਾ ਸਿਰਫ ਗੁਰਬਾਣੀ ਦੇ ਸ਼ਬਦਾਂ ਦੀ ਪਰਿਭਾਸ਼ਾ ਹੈ, ਬਲਕਿ ਫਾਰਸੀ, ਅਰਬੀ, ਹਿੰਦੀ, ਸੰਸਕ੍ਰਿਤ ਸਮੇਤ ਹਿੰਦੂ ਧਰਮ, ਇਸਲਾਮ, ਇਸਾਈ ਤੇ ਯਹੂਦੀ ਧਰਮਾਂ ਦੇ ਇੰਦਰਾਜ ਦਰਜ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਪ੍ਰੋ. ਹੁੰਦਲ ਜਲੰਧਰ ਵਿੱਚ ਕਾਲਜ ਵਿੱਚ ਪੜ੍ਹਾਉਂਦੇ ਰਹੇ ਹਨ। ਉਹ ਧਰਮ ਵਿਸ਼ੇ 'ਤੇ ਅਕਸਰ ਵਿਚਾਰ-ਚਰਚਾ ਕਰਦੇ ਹਨ।

ਰਾਕਫੋਰਡ ਸਿਟੀ ਵਿੱਚ ਨਾਨਕਸਰ ਸਿੱਖ ਟੈਂਪਲ ਦਾ ਪ੍ਰਬੰਧ ਚਲਾਉਂਦੇ ਭਾਈ ਦਲਜੀਤ ਸਿੰਘ ਨੇ ਦੱਸਿਆ ਕਿ ਮਹਾਨ ਕੋਸ਼ ਦਾ ਅਸਲ ਨਾਂ ਗੁਰ ਸ਼ਬਦ ਰਤਨਾਕਰ ਸੀ, ਪਰ ਇਸ ਦੀ ਅਮਰ ਵਿਦਵਤਾ ਨੂੰ ਭਾਪਦਿਆਂ ਇਸ ਨੂੰ ਮਹਾਨ ਕੋਸ਼ ਕਿਹਾ ਜਾਂਦਾ ਹੈ; ਕਿਉਂਕਿ ਸਿੱਖ ਧਰਮ ਦੀ ਵਿਆਖਿਆ ਕਰਨ ਵਿੱਚ ਇਸ ਦਾ ਸਾਨੀ ਕੋਈ ਨਹੀਂ। ਇਸੇ ਕਰਕੇ ਅੰਗਰੇਜ਼ੀ ਵਾਲਿਆਂ ਨੇ ਇਸ ਨੂੰ 'ਇਨਸਾਈਕਲੋਪੀਡੀਆ ਆਫ ਸਿੱਖ ਲਿਟਰੇਚਰ' ਕਿਹਾ ਹੈ। ਗੁਰਬਾਣੀ ਦੇ ਟੀਕੇ, ਕੋਸ਼ ਪਹਿਲਾਂ ਵੀ ਲਿਖੇ ਜਾ ਚੁਕੇ ਸਨ, ਪਰ ਏਨੀ ਬਾਰੀਕੀ ਨਾਲ ਨਹੀਂ। ਮਹਾਨ ਕੋਸ਼ ਵਿੱਚ ਭਾਈ ਸਾਹਿਬ ਨੇ ਦੱਸਿਆ ਕਿ ਇੱਕੋ ਲਫਜ਼ ਦੇ ਅਰਥ ਦੂਜੀਆਂ ਭਾਸ਼ਾਵਾਂ ਵਿੱਚ ਕੀ ਹਨ; ਕਿਉਂਕਿ ਅਰਥ ਬਦਲ ਜਾਂਦੇ ਹਨ। ਇਸੇ ਤਰ੍ਹਾਂ ਲਫਜ਼ਾਂ ਦਾ ਸਤਰ ਵਿੱਚ ਅਰਥ ਬਦਲ ਜਾਂਦਾ ਹੈ, ਇੱਕੋ ਲਫਜ਼ ਦੇ ਵੱਖ ਵੱਖ ਅਰਥ ਨਿਕਲਦੇ ਹਨ।

ਉਨ੍ਹਾਂ ਦੱਸਿਆ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਹਿੰਦੀ ਭਾਸ਼ਾ ਬਹੁਤ ਹੈ। ਫਾਰਸੀ ਦੇ ਬਹੁਤ ਲਫਜ਼ ਹਨ। ਗੁਰੂ ਗ੍ਰੰਥ ਸਾਹਿਬ ਦੀ ਇਹ ਵਿਲੱਖਣਤਾ ਹੈ ਕਿ ਜਿਸ ਭਾਸ਼ਾ ਵਿੱਚ ਸ਼ਬਦ ਉਚਾਰਿਆ ਗਿਆ, ਉਸੇ ਭਾਸ਼ਾ ਵਿੱਚ ਸ਼ਬਦ, ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕੀਤਾ ਗਿਆ ਹੈ। ਉਸ ਸ਼ਬਦ ਨੂੰ ਸਮਝਣ ਲਈ ਮਹਾਨ ਕੋਸ਼ ਹੀ ਵਸੀਲਾ ਹੈ। ਭਾਈ ਨੰਦ ਲਾਲ ਗੋਯਾ ਫਾਰਸੀ ਦੇ ਮਾਹਰ ਸਨ ਤੇ ਉਨ੍ਹਾਂ ਦੀ ਲਿਖਤ ਪੱਕੀ ਫਾਰਸੀ ਵਿੱਚ ਹੈ। ਰਾਗਾਂ ਦੇ ਸਥਾਈ, ਅੰਤਰਾ, ਬੰਦਿਸ਼ ਆਦਿ ਸਭ ਦੀ ਵਿਆਖਿਆ ਮਹਾਨ ਕੋਸ਼ ਵਿੱਚ ਹੈ। ਭਾਈ ਕਾਨ੍ਹ ਸਿੰਘ ਦਾ ਦੋਵੇਂ ਰਿਆਸਤਾਂ- ਨਾਭਾ ਤੇ ਪਟਿਆਲਾ ਵਿੱਚ ਬਹੁਤ ਸਤਿਕਾਰ ਸੀ।

ਜ਼ਿਕਰਯੋਗ ਹੈ ਕਿ ਭਾਈ ਦਲਜੀਤ ਸਿੰਘ ਰਾਕਫੋਰਡ ਪੁਲਿਸ ਨਾਲ ਵੀ ਜੁੜੇ ਹੋਏ ਹਨ ਅਤੇ ਸਿੱਖ, ਹਿੰਦੂ ਤੇ ਮੁਸਲਿਮ ਪਰਿਵਾਰ ਨਾਲ ਸਬੰਧਤ ਵਿਅਕਤੀ ਲਈ ਪੁਲਿਸ ਕੇਸ ਵਿੱਚ ਮਦਦਗਾਰ ਹੁੰਦੇ ਹਨ। ਯੂਨੀਵਰਸਿਟੀ ਨੇ ਉਨ੍ਹਾਂ ਨੂੰ ਪ੍ਰੋਫੈਸਰ ਦੀ ਪਦਵੀ ਦਿੱਤੀ ਹੈ ਤੇ ਉਹ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਨੂੰ ਸਿੱਖ ਤੇ ਹਿੰਦੂ ਧਰਮ ਬਾਰੇ ਪੜ੍ਹਾਈ ਕਰਵਾਉਂਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਕਾਰਜਕਾਰੀ ਸਕੱਤਰ ਡਾ. ਰੂਪ ਸਿੰਘ ਨੇ ਸਮਾਗਮ ਨੂੰ ਸੰਬੋਧਿਨ ਕਰਦਿਆਂ ਕਿਹਾ ਕਿ ਜੋ ਅਹਿਮ ਜਾਣਕਾਰੀ ਮਹਾਨ ਕੋਸ਼ ਵਿੱਚ ਹੈ, ਉਹ ਕਿਤੇ ਵੀ ਨਹੀਂ। ਨਾਲ ਹੀ ਉਨ੍ਹਾਂ ਭਾਈ ਕਾਨ੍ਹ ਸਿੰਘ ਨਾਭਾ ਬਾਰੇ ਆਪਣੇ ਇੱਕ ਲੇਖ ਦਾ ਜ਼ਿਕਰ ਵੀ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਉਹ ਬਚਪਨ ਤੋਂ ਹੀ ਪਾਠ ਵਿੱਚ ਰੋਲਾਂ ਲਾ ਕੇ ਪੜ੍ਹੇ ਹਨ। ਘਰ ਦੀ ਸਮਰੱਥਾ ਨਹੀਂ ਸੀ ਕਿ ਨਵਾਂ ਮਹਾਨ ਕੋਸ਼ ਖਰੀਦ ਸਕਣ। ਕਾਫੀ ਦੇਰ ਬਾਅਦ ਕਾਲਜ ਵਿੱਚ ਜਾ ਕੇ ਵਰਤਿਆ ਹੋਇਆ ਮਹਾਨ ਕੋਸ਼ ਖਰੀਦਿਆ।

ਜ਼ਿਕਰਯੋਗ ਹੈ ਕਿ ਡਾ. ਰੂਪ ਸਿੰਘ ਦੀਆਂ ਹੁਣ ਤੱਕ 22 ਕਿਤਾਬਾਂ ਛਪ ਚੁੱਕੀਆਂ ਹਨ ਅਤੇ ਤਿੰਨ ਛਪਾਈ ਅਧੀਨ ਹਨ। ਉਨ੍ਹਾਂ ਨੂੰ ਕਿਤਾਬਾਂ ਕਰ ਕੇ ਤਿੰਨ ਸਟੇਟ ਐਵਾਰਡ ਮਿਲ ਚੁਕੇ ਹਨ। 'ਝੂਲਤੇ ਨਿਸ਼ਾਨ ਰਹੇਂ' ਡਾ. ਰੂਪ ਸਿੰਘ ਦੀ ਪ੍ਰਸ਼ੰਸਾ ਵਾਲੀ ਕ੍ਰਿਤ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਕਈ ਅਹਿਮ ਅਹੁਦਿਆਂ ਉਤੇ ਰਹੇ ਅਤੇ ਥੋੜ੍ਹਾ ਚਿਰ ਪਹਿਲਾਂ ਹੀ ਕਾਰਜਕਾਰੀ ਸਕੱਤਰ ਦੇ ਅਹੁਦੇ ਤੋਂ ਅਸਤੀਫਾ ਦਿੱਤਾ ਹੈ।



ਕੌਂਸਲ ਰਣਜੀਤ ਸਿੰਘ ਨੇ ਇਨਸਾਈਕਲੋਪੀਡੀਆ ਦੇ ਮਤਲਬ ਸਮਝਾਏ ਤੇ ਸੁਝਾਅ ਦਿੱਤਾ ਕਿ ਜੇ ਕੁਝ ਨਵੇਂ ਸ਼ਬਦਾਂ ਦਾ ਪਤਾ ਚੱਲਦਾ ਹੈ ਤਾਂ ਉਹ ਵੀ ਮੂਲ ਨਾਲ ਛੇੜਛਾੜ ਕੀਤੇ ਬਿਨਾ ਮਹਾਨ ਕੋਸ਼ ਵਿੱਚ ਸ਼ਾਮਲ ਕਰ ਲੈਣੇ ਚਾਹੀਦੇ ਹਨ। ਇਸ ਖੇਤਰ ਵਿੱਚ ਡਾ. ਹਰਜਿੰਦਰ ਸਿੰਘ ਦਿਲਗੀਰ ਦੀਆਂ ਕੋਸ਼ਿਸ਼ਾਂ ਦਾ ਵੀ ਉਨ੍ਹਾਂ ਜ਼ਿਕਰ ਕੀਤਾ।

ਖਾਲਸਾ ਕਾਲਜ ਲੁਧਿਆਣਾ ਦੇ ਪ੍ਰੋਫੈਸਰ ਜਸਪਾਲ ਸਿੰਘ ਨੇ ਸਿੱਖੀ ਵਿੱਚ ਆ ਰਹੇ ਅਖੌਤੀ ਕਾਰ-ਵਿਹਾਰਾਂ ਬਾਰੇ ਚਿੰਤਾ ਪ੍ਰਗਟ ਕੀਤੀ ਤੇ ਕਿਹਾ ਕਿ ਸਿੱਖੀ ਨੂੰ ਸਮਝਣ ਦੀ ਲੋੜ ਹੈ, ਪਖੰਡ ਨਹੀਂ ਕਰਨੇ ਚਾਹੀਦੇ। ਇਸੇ ਦੌਰਾਨ ਉਨ੍ਹਾਂ ਦੀ ਤਕਰੀਰ ਨੂੰ ਲੈ ਕੇ ਕੁਝ ਹਲਕੀ-ਫੁਲਕੀ ਤਲਖੀ ਵੀ ਪੈਦਾ ਹੋ ਗਈ ਸੀ।

ਮਿਲਵਾਕੀ ਤੋਂ ਪ੍ਰੋ. ਦਰਸ਼ਨ ਸਿੰਘ ਗਰੇਵਾਲ ਆਪਣੇ ਨਾਲ ਮਹਾਨ ਕੋਸ਼ ਦੀ ਇਕ ਪੁਰਾਣੀ ਜਿਲਦ ਦਰਸ਼ਕਾਂ ਲਈ ਲੈ ਕੇ ਆਏ ਸਨ। ਉਨ੍ਹਾਂ ਦੱਸਿਆ ਕਿ ਇਸ ਤੋਂ ਵੀ ਪੁਰਾਣਾ ਮਹਾਨ ਕੋਸ਼ ਉਨ੍ਹਾਂ ਕੋਲ ਉਪਲਬਧ ਹੈ। ਪੇਸ਼ੇ ਵਜੋਂ ਉਹ ਗਣਿਤ ਦੇ ਪ੍ਰੋਫੈਸਰ ਹਨ।

ਸਮਾਗਮ ਦੌਰਾਨ ਬੀਬੀ ਸੁਰਜੀਤ ਕੌਰ ਗਿੱਲ ਨੇ ਮੁੱਖ ਬੁਲਾਰਿਆਂ ਨੂੰ ਮਾਣ ਵਜੋਂ ਇੱਕ ਇੱਕ ਕਿਤਾਬ ਭੇਟ ਕੀਤੀ। ਪ੍ਰੋਗਰਾਮ ਦਾ ਇੰਤਜ਼ਾਮ ਠਾਕਰ ਸਿੰਘ ਬਸਾਤੀ ਨੇ ਕੀਤਾ ਤੇ ਚਾਹ-ਪਾਣੀ ਦੀ ਜ਼ਿੰਮੇਵਾਰੀ ਬੀਬੀ ਰਾਜਿੰਦਰ ਕੌਰ ਬਸਾਤੀ ਨੇ ਨਿਭਾਈ।

# ਗੁਰਦੁਆਰਾ ਪੈਲਾਟਾਈਨ ਵਿਖੇ ਹੋਈ ਗਰਮੀਆਂ ਦੀ ਕਾਰਸੇਵਾ

***ਨਿੱਕੀ ਅਤੇ ਵੱਡੀ ਸੇਵਾ ਵਿੱਚ ਨਿੱਕਿਆਂ ਤੇ ਵੱਡਿਆਂ ਨੇ ਹੱਥ ਵਟਾਇਆ***

***ਕਾਰਸੇਵਾ ਨੂੰ ਹੋਰ ਪੁਖ਼ਤਾ ਬਣਾਉਣ ਲਈ ਸੰਗਤ ਨੂੰ ਅਪੀਲ***

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਗੁਰਦੁਆਰਾ ਪੈਲਾਟਾਈਨ ਵਿੱਚ ਸਾਲ ਦੌਰਾਨ ਬਸੰਤ ਰੁੱਤ, ਗਰਮੀਆਂ ਅਤੇ ਪੱਤਝੜ ਰੁੱਤ ਦੀਆਂ ਤਿੰਨ ਕਾਰਸੇਵਾਵਾਂ ਹੁੰਦੀਆਂ ਹਨ, ਜਿਸ ਵਿੱਚ ਗੁਰੂਘਰ ਦੇ ਅੰਦਰ ਤੇ ਬਾਹਰ ਦੇ ਚੌਗਿਰਦੇ ਦੀ ਹਰ ਕਿਸਮ ਦੀ ਸਾਂਭ-ਸੰਭਾਲ, ਸਾਫ-ਸਫਾਈ ਤੇ ਮੁਰੰਮਤ ਦਾ ਕੰਮ ਨਜਿੱਠਿਆ ਜਾਂਦਾ ਹੈ। ਸਾਲ ਸਾਲ ਦੀ ਗਰਮੀਆਂ ਦੀ ਕਾਰਸੇਵਾ ਲੰਘੀ 8 ਜੁਲਾਈ ਨੂੰ ਹੋਈ, ਜਿਸ ਵਿੱਚ ਹਰੇਕ ਉਮਰ ਦੇ ਕਰੀਬ 200 ਕਾਰਸੇਵਕਾਂ ਨੇ ਆਪੋ-ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾਇਆ।

ਜ਼ਿੰਮੇਵਾਰੀਆਂ ਉਲੀਕ ਲਈਆਂ ਗਈਆਂ ਸਨ। ਮਿੱਥੀ ਰੂਪਰੇਖਾ ਮੁਤਾਬਕ ਕਾਰਸੇਵਕਾਂ ਨੇ ਆਪੋ-ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਜੋਸ਼ ਤੇ ਚੜ੍ਹਦੀਕਲਾ ਨਾਲ ਹੱਥੀਂ ਕਾਰਸੇਵਾ ਵਿੱਚ ਹਿੱਸਾ ਪਾਇਆ।

ਇਸ ਦੌਰਾਨ ਗੁਰੂਘਰ ਦੇ ਧਾਰਮਿਕ ਸਕੱਤਰ ਤਰਲੋਚਨ ਸਿੰਘ ਮੁਲਤਾਨੀ ਦੀ ਨਿਗਰਾਨੀ ਹੇਠ ਦੀਵਾਨ ਹਾਲ, ਸੁਖ-ਆਸਣ, ਅਖੰਡ ਪਾਠ ਕਮਰੇ ਤੇ ਦੂਸਰੀ ਮੰਜਿਲ ਦੀ ਡੂੰਘੀ ਸਾਫ-ਸਫ਼ਾਈ ਕੀਤੀ ਗਈ। ਭਾਈ ਕੇਹਰ ਸਿੰਘ ਦੇ ਬੇਟੇ ਮਨਪ੍ਰੀਤ ਸਿੰਘ ਤੇ ਕੰਪਨੀ ਨੇ ਕੂੜੇ ਵਾਲੇ ਡੱਬਿਆਂ, ਆਲੇ-ਦੁਆਲੇ ਦੇ ਫਰਸ਼ਾਂ ਅਤੇ ਨਿਸ਼ਾਨ ਸਾਹਿਬ ਦੇ ਚੁਫੇਰੇ ਫਰਸ਼ ਦੀ ਸਾਫ-ਸਫਾਈ ਕੀਤੀ।

ਓਂਕਾਰ ਸਿੰਘ ਲਾਲ ਤੇ ਤਰਲੋਚਨ ਸਿੰਘ ਢਿੱਲੋਂ ਨੇ ਗੁਰੂਘਰ ਦੇ ਪੱਛਮ ਵਾਲੇ ਪਾਸਿਓਂ ਦਾਖਲ ਹੋਣ ਵਾਲੇ ਦਰਵਾਜ਼ੇ ਨੂੰ ਪੂਰਾ ਖੋਲ੍ਹ ਕੇ ਮੁਰੰਮਤ ਕੀਤੀ। ਜੇ ਇਸ ਦਰਵਾਜ਼ੇ ਦੀ ਮੁਰੰਮਤ ਬਾਹਰੋਂ ਮਿਸਤਰੀ ਸੱਦ ਕੇ ਕਰਵਾਈ ਜਾਂਦੀ ਤਾਂ ਕਾਫੀ ਖਰਚਾ ਆ ਜਾਣਾ ਸੀ। ਗੁਰੂਘਰ ਦੀ ਮੁਰੰਮਤ ਦੇ ਸੇਵਾਦਾਰ ਮਹਾਂਬੀਰ ਸਿੰਘ ਬਰਾੜ ਨੇ ਗੁਰੂਘਰ ਦੀ ਅੰਦਰੋਂ ਸਾਂਭ-



ਲਾਇਬਰੇਰੀ, ਏ.ਵੀ. ਰੂਮ, ਅਤੇ ਰੁਮਾਲਾ ਸਾਹਿਬ ਕਮਰੇ ਦੀ ਸਾਫ਼-ਸਫ਼ਾਈ ਲਾਇਬਰੇਰੀ ਇੰਚਾਰਜ ਪ੍ਰੀਤੀ ਕੌਰ ਦੀ ਨਿਗਰਾਨੀ ਹੇਠ ਤਨਦੀਪ ਸਿੰਘ, ਜੀਤੂ ਕੌਰ, ਕੁਲਵਿੰਦਰ ਕੌਰ, ਜਸਪ੍ਰੀਤ ਕੌਰ ਅਤੇ ਛੋਟੀਆਂ ਬੱਚੀਆਂ- ਅਸੀਸ ਕੌਰ ਤੇ ਅਜੂਨੀ ਕੌਰ ਨੇ ਨਿਭਾਈ।

ਬਿਰਧ ਧਾਰਮਿਕ ਸਾਹਿਤ ਅਤੇ ਕੈਲੰਡਰਾਂ ਦਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਸਸਕਾਰ ਕੀਤਾ ਗਿਆ। ਕਰਮਬੀਰ ਸਿੰਘ ਢਿੱਲੋਂ ਤੇ ਟੀਮ- ਕੁਲਵਿੰਦਰ ਸਿੰਘ ਚਾਹਲ, ਹਰਜਿੰਦਰ ਸਿੰਘ ਧਾਲੀਵਾਲ, ਭੁਪਿੰਦਰ ਸਿੰਘ ਅਟਵਾਲ, ਨਿਰਭੈਅ ਸਿੰਘ, ਸੁਖਮੰਦਰ ਸਿੰਘ ਗਿੱਲ, ਪਰਮਿੰਦਰ ਸਿੰਘ ਮਾਂਗਟ, ਕੁਲਜੀਤ ਸਿੰਘ ਭੰਗੂ ਅਤੇ ਹੋਰ ਕਈ ਕਾਰਸੇਵਕਾਂ ਨੇ ਰੁੱਖਾਂ, ਪੌਦਿਆਂ ਦੀ ਛਾਂਗ-ਛੰਗਾਈ, ਗੋਡੀ ਤੇ ਖਾਦ ਪਾਉਣ ਦਾ ਕਾਰਜ ਸਿਰੇ ਚਾੜ੍ਹਿਆ।

ਸੇਵਾ ਵਿੱਚ ਜੁਟੇ ਕਾਰਸੇਵਕਾਂ ਨੂੰ



ਕਾਰਸੇਵਾ ਦੇ ਮੱਦੇਨਜ਼ਰ ਇੱਕ ਹਫ਼ਤਾ ਪਹਿਲਾਂ ਕਾਰਸੇਵਕਾਂ- ਅਮਰਜੀਤ ਸਿੰਘ, ਬਲਦੇਵ ਸਿੰਘ ਗਿੱਲ, ਕੁਲਬੀਰ ਸਿੰਘ ਦਿਓਲ, ਕੁਲਜੀਤ ਸਿੰਘ ਭੰਗੂ, ਇਕਬਾਲ ਸਿੰਘ ਜੱਜ, ਨਰਿੰਦਰ ਸਿੰਘ ਮਾਹਲ ਤੇ ਹੋਰਨਾਂ ਵੱਲੋਂ ਸਮਾਨ, ਸੰਦਾਂ ਦੀ ਤਿਆਰੀ ਅਤੇ ਕੰਮਾਂ ਦੀ ਸੂਚੀ ਬਣਾਏ ਜਾਣ ਤੋਂ ਲੈ ਕੇ ਜਥੇਦਾਰਾਂ/ਕੋਆਰਡੀਨੇਟਰਾਂ ਦੀਆਂ ਸੰਭਾਲ ਕੀਤੀ ਅਤੇ ਗੁਰਮੀਤ ਸਿੰਘ ਭੋਲਾ ਨੇ ਬਲੋਅਰ ਨਾਲ ਬਾਹਰੋਂ ਗੁਰੂਘਰ ਦੇ ਚਾਰ-ਚੁਫੇਰੇ ਝਾੜੂ ਮਾਰਿਆ।

ਕਾਰਸੇਵਾ ਦੇ ਕੋਆਰਡੀਨੇਟਰ ਅਮਰਜੀਤ ਸਿੰਘ ਅਤੇ ਸਹਾਇਕ ਤਿੰਨ ਯੂਥ ਕਾਰਸੇਵਕਾਂ ਨੇ ਗੁਰੂ ਘਰ ਦੀ ਇਮਾਰਤ ਦੇ ਅੰਦਰੋਂ ਤੇ ਬਾਹਰੋਂ ਸ਼ੀਸ਼ਿਆਂ ਦੀ ਸਾਫ-ਸਫ਼ਾਈ ਕੀਤੀ। ਬਾਹਰਲੀਆਂ ਦੀਵਾਰਾਂ ਤੋਂ ਜਾਲੇ ਵੀ ਉਤਾਰੇ ਗਏ। ਭਜਨ ਸਿੰਘ ਮਾਂਗਟ, ਇੰਦਰਜੀਤ ਸਿੰਘ ਸੇਖੋਂ, ਸੰਤੋਖ ਸਿੰਘ ਭਟਨੂਰਾ ਅਤੇ ਅਨੂਪ ਸਿੰਘ ਨੇ ਗੁਰੂਘਰ ਦੇ ਭਾਂਡਿਆਂ ਉਤੇ ਐਸ.ਆਰ.ਐਸ. ਨਾਮ ਖੁਣਿਆ। ਭਜਨ ਸਿੰਘ ਮਾਂਗਟ ਨੇ ਗੁਰੂਘਰ ਦੀ ਰਸੋਈ ਵਿੱਚ 40 ਸਟੀਲ ਦੀਆਂ ਕੜਛੀਆਂ ਤੇ 500 ਛੋਟੀਆਂ ਪਲੇਟਾਂ ਦਾ ਯੋਗਦਾਨ ਪਾਇਆ।

ਚਾਹ-ਪਾਣੀ ਦੀ ਸੇਵਾ ਭਰਪੂਰ ਸਿੰਘ ਨੇ ਨਿਭਾਈ। ਸਤਨਾਮ ਸਿੰਘ ਗਿੱਲ, ਇਕਬਾਲ ਸਿੰਘ ਜੱਜ, ਅਜੀਤ ਸਿੰਘ, ਸਿਦਕ ਸਿੰਘ ਧਾਲੀਵਾਲ ਦੀ ਟੀਮ ਨੇ ਝੀਲ ਦੇ ਕਿਨਾਰਿਆਂ 'ਤੇ ਉਗੀ ਬੂਟੀ ਤੇ ਘਾਹ ਆਦਿ ਦੀ ਸਫਾਈ ਕੀਤੀ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ















# ਗੁਰਦੁਆਰਾ ਪੈਲਾਟਾਈਨ ਵਿਖੇ ਹੋਈ ਗਰਮੀਆਂ ਦੀ ਕਾਰਸੇਵਾ

ਟੋਰਾਂਟੋ (ਕੈਨੇਡਾ) ਤੋਂ ਗੁਰੂਘਰ ਨਤਮਸਤਕ ਹੋਣ ਆਏ ਰਵਿੰਦਰ ਸਿੰਘ ਗਿੱਲ, ਸਤਵਿੰਦਰ ਸਿੰਘ ਭੱਟੀ ਤੇ ਪ੍ਰਿਯੰਕਾ ਕੌਰ ਗੁਰੂਘਰ ਵਿਖੇ ਚੱਲ ਰਹੀ ਕਾਰਸੇਵਾ ਵਿੱਚ ਜੁਟ ਗਏ ਅਤੇ ਫੁੱਲਾਂ ਦੀਆਂ ਕਿਆਰੀਆਂ ਵਿੱਚੋਂ ਘਾਹ-ਫੂਸ ਕੱਢ ਕੇ ਗੋਡੀ ਕੀਤੀ ਅਤੇ ਕਿਆਰੀਆਂ ਨੂੰ ਸੁਆਰਿਆ। ਕੱਪ-ਪਲੇਟਾਂ ਦੇ ਡੱਬੇ ਵਰਕਸ਼ਾਪ ਤੋਂ 1050 ਡੀਅਰ ਐਵੀਨਿਊ ਵਿੱਚ ਬਦਲੀ ਕੀਤੇ ਗਏ।

ਕਾਰਸੇਵਾ ਦੌਰਾਨ ਵਰਤੋਂ ਵਿੱਚ ਆਉਣ ਵਾਲੇ ਸੰਦ ਤੇ ਮਸ਼ੀਨਾਂ ਪਾਲ ਸਿੰਘ ਧਾਲੀਵਾਲ ਅਤੇ ਇਕਬਾਲ ਸਿੰਘ ਜੱਜ ਨੇ ਤਿਆਰ ਕਰ ਕੇ ਕਾਰਸੇਵਕਾਂ ਨੂੰ ਮੌਕੇ ‘ਤੇ ਹਵਾਲੇ ਕੀਤੀਆਂ। ਸਫ਼ਾਈ ਦਾ ਸਮਾਨ ਦੇਣ-ਲੈਣ ਦੀ ਸੇਵਾ ਕੁਲਬੀਰ ਸਿੰਘ ਦਿਓਲ ਤੇ ਨਰਿੰਦਰ ਸਿੰਘ ਮਾਹਲ ਨਿਭਾਅ ਰਹੇ ਸਨ। ਹਾਜ਼ਰ ਕਾਰਸੇਵਕਾਂ ਦੇ ਹਸਤਾਖਰ ਕਰਵਾਉਣ ਦੀ ਸੇਵਾ ਕਰਮਜੀਤ ਸਿੰਘ ਭਟਨੂਰਾ ਤੇ ਸਰਬਸੁਖਜੀਤ ਸਿੰਘ ਵਾਲੀਆ ਨੇ ਨਿਭਾਈ। ਕਾਰਸੇਵਾ ਕਮਰੇ ਤੇ ਫਰਿੱਜ ਦੀ ਸਾਫ-ਸਫਾਈ ਭਾਈ ਰਜਿੰਦਰ ਸਿੰਘ ਦੇ ਬੇਟੇ ਮਨਪ੍ਰਗਾਸ ਸਿੰਘ ਤੇ ਸੁਖਅੰਮ੍ਰਿਤ ਸਿੰਘ ਨੇ ਕੀਤੀ।



ਕਾਰਸੇਵਾ ਜਥੇ ਅਨੁਸਾਰ ਗੁਰੂ ਨਾਨਕ ਸਾਹਿਬ ਦੇ ਫਲਸਫੇ ‘ਤੇ ਪਹਿਰਾ ਦਿੰਦਿਆਂ 2008 ਤੋਂ ਹੁਣ ਤੱਕ ਗੁਰੂਘਰ ਵਿਖ਼ੇ 700 ਦੇ ਕਰੀਬ ਫਲਦਾਰ ਤੇ ਫੁੱਲਦਾਰ ਰੁੱਖ-ਬੂਟੇ ਅਤੇ ਸਦਾਬਹਾਰ ਪੌਦੇ ਲਾਏ ਜਾ ਚੁੱਕੇ ਹਨ। ਇਸ ਸਾਲ ਹੁਣ ਤੱਕ 100 ਤੋਂ ਉਪਰ ਰੁੱਖ-ਪੌਦੇ ਲੱਗ ਚੁਕੇ ਹਨ, ਜੋ ਆਕਸੀਜਨ ਪ੍ਰਦਾਨ ਕਰਦੇ ਹਨ ਅਤੇ ਆਲੇ-ਦੁਆਲੇ ਦੇ ਵਾਤਾਵਰਣ ਨੂੰ ਸਾਫ-ਸੁਥਰਾ ਰੱਖਦੇ ਹਨ।

ਪੀਜ਼ੇ ਦੀ ਸੇਵਾ ਬਿਕਰਮ ਸਿੰਘ ਸਿੱਧੂ ਵੱਲੋਂ ਕੀਤੀ ਗਈ ਤੇ ਬੰਦੋਬਸਤ ਕਰਨ ਦੀ ਸੇਵਾ ਪਾਲ ਸਿੰਘ ਧਾਲੀਵਾਲ, ਤਰਲੋਚਨ ਸਿੰਘ ਗਿੱਲ ਨੇ ਨਿਭਾਈ। ਸ਼ਾਮ ਦੀ ਚਾਹ ਤੇ ਪਕੌੜਿਆਂ ਦੀ ਸੇਵਾ ਗੁਰਜੀਤ ਸਿੰਘ ਖਾਲਸਾ ਤੇ ਪਰਿਵਾਰ ਵਲੋਂ ਅਖੀਰ ਤੱਕ ਚਲਦੀ ਰਹੀ। ਕਾਰਸੇਵਕਾਂ ਦੀ ਇੱਕ ਯਾਦਗਾਰੀ ਗਰੁੱਪ ਫੋਟੋ ਮਹਿੰਦਰਜੀਤ ਸਿੰਘ ਰਕਾਲਾ ਨੇ ਖਿੱਚੀ। ਉਪਰੰਤ ਇੰਦਰਮੋਹਨ ਸਿੰਘ ਛਾਬੜਾ ਅਤੇ ਕੈਨੇਡਾ ਤੋਂ ਆਏ ਸਤਵਿੰਦਰ ਸਿੰਘ ਭੱਟੀ ਦਾ ਜਨਮ ਦਿਨ ਕੇਕ ਕੱਟ ਕੇ ਮਨਾਇਆ ਗਿਆ।

ਕਾਰਸੇਵਾ ਜਥੇ ਦੇ ਮੋਹਰੀ ਸ. ਸਤਨਾਮ ਸਿੰਘ ਔਲਖ ਨੇ ਦੱਸਿਆ ਕਿ ਅੰਦਾਜ਼ੇ ਮੁਤਾਬਕ ਕਾਰਸੇਵਾ ਦੇ ਉਲੀਕੇ ਹੋਏ ਕਾਰਜਾਂ ਦੀ 75 ਤੋਂ 80% ਪੂਰਤੀ ਹੋਈ ਹੈ, ਬਾਕੀ ਕੰਮ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਕੀਤੇ ਜਾਣਗੇ। ਜ਼ਿਕਰਯੋਗ ਹੈ ਕਿ ਗੁਰੂ ਘਰ ਵਿਖੇ ਨਿਸ਼ਕਾਮ ਕਾਰਸੇਵਾ ਸੰਨ 2008 ਤੋਂ ਚਲ ਰਹੀ ਹੈ। ਕਾਰਸੇਵਾ ਜਥੇ ਨੇ ਇਸ ਨੂੰ ਹੋਰ ਵੀ ਅੱਗੇ ਵਧਾਉਣ ਤੇ ਪੁਖ਼ਤਾ ਬਣਾਉਣ ਲਈ ਸੰਗਤ ਨੂੰ ਯੋਗਦਾਨ ਪਾਉਣ ਦੀ ਅਪੀਲ ਕੀਤੀ ਹੈ।

ਇਸ ਤੋਂ ਇਲਾਵਾ ਕਾਰਸੇਵਾ ਜਥੇ ਨੇ ਕਾਰਸੇਵਾ ਦੇ ਵ੍ਹੱਟਸਐਪ ਗਰੁੱਪ ਵਿੱਚ ਸਿਰਫ ਸੇਵਾ ਤੇ ਸਿਮਰਨ ਸਬੰਧੀ ਪੋਸਟਾਂ ਹੀ ਪਾਏ ਜਾਣ ਦੀ ਬੇਨਤੀ ਕੀਤੀ ਹੈ। ਸੰਗਤ ਨੂੰ ਇਸ ਗਰੁੱਪ ਨਾਲ ਜੁੜਨ ਦੀ ਅਪੀਲ ਕੀਤੀ ਗਈ ਹੈ। ਕਾਰਸੇਵਾ ਦੌਰਾਨ 53 ਪੁਰਸ਼ ਤੇ ਔਰਤਾਂ ਅਤੇ 24 ਵਿਦਿਆਰਥੀ ਨੇ ਨਿਸ਼ਕਾਮ ਕਾਰਸੇਵਾ ਵਾਸਤੇ ਆਪਣੇ ਨਾਮ ਦਰਜ ਕਰਵਾਏ ਤਾਂ ਕਿ ਉਨ੍ਹਾਂ ਨੂੰ ਕਾਰਸੇਵਾ ਦੀਆਂ ਗਤੀਵਿਧੀਆਂ ਦਾ ਪਤਾ ਚਲਦਾ ਰਹੇ ਅਤੇ ਸਮਰੱਥਾ ਅਨੁਸਾਰ ਸੇਵਾ ਵਿੱਚ ਯੋਗਦਾਨ ਪਾ ਸਕਣ।

**ਕਰਤਾਰ ਗੱਡਾ:** ਕਾਰਸੇਵਾ ਦੇ ਜਥੇਦਾਰ ਓਂਕਾਰ ਸਿੰਘ ਢਿੱਲੋਂ ਵਲੋਂ ‘ਕਰਤਾਰ ਗੱਡਾ’ ਤਿਆਰ ਕਰ ਕੇ ਕਰਤਾਰਪੁਰ ਵਿਖੇ ਜਗਤ ਗੁਰੂ ਜੀ ਦੀ ਵਿਚਾਰਧਾਰਾ ਕਈ ਸਾਲ ਪਹਿਲਾਂ ਕਾਰਸੇਵਕਾਂ ਤੇ ਸਾਧ ਸੰਗਤ ਨਾਲ ਸਾਂਝੀ ਕੀਤੀ ਸੀ। ਇਸ ਸਮੇਂ ਕਾਰਸੇਵਕ ਦਾ ਟੀਚਾ ‘ਕਰਤਾਰ ਗੱਡੇ’ ਦੀ ਪੂਰੀ ਤਰ੍ਹਾਂ ਮੁਰੰਮਤ ਤੋਂ ਬਾਅਦ ਇਸ ਕਰਤਾਰ ਗੱਡੇ ਨੂੰ ਆਧਾਰ ਬਣਾ ਕੇ ਨਵੀਂ ਪੀੜ੍ਹੀ ਅਤੇ ਸੰਗਤ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਵਿਖੇ 18 ਸਾਲ ਦੀ ਸੱਚੀ-ਸੁੱਚੀ, ਨੇਕ ਕਿਰਤ ਕਮਾਈ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਉਣਾ ਹੈ।

ਸ. ਔਲਖ ਨੇ ਦੱਸਿਆ ਕਿ ਜਗਤ ਗੁਰੂ ਨੇ ਕਰਤਾਰਪੁਰ ਵਿਖੇ ਪਹਿਲੀ ਧਰਮਸ਼ਾਲਾ ਬਣਾ ਕੇ ਕਿਰਤ ਕਰਨ, ਨਾਮੁ ਜਪਣ, ਵੰਡ ਛਕਣ ਅਤੇ ਸਾਂਝੀਵਾਲਤਾ ਦਾ ਜੋ ਉਪਦੇਸ਼ ਦਿੱਤਾ, ਉਸ ਨੂੰ ਪਹਿਲਾਂ ਉਨ੍ਹਾਂ ਨੇ ਖੁਦ ਆਪਣੇ ਜੀਵਨ ਵਿੱਚ ਕਮਾਇਆ। ਭਾਈ ਲਹਿਣੇ ਨੂੰ ਜਪੁ ਦੀਆਂ ਪਉੜੀਆਂ ਪੜ੍ਹਾਅ ਅਤੇ ‘ਪੋਥੀ ਪ੍ਰਮੇਸ਼ਰ ਕਾ ਥਾਨ’ ਹਵਾਲੇ ਕਰ, ਗੁਰੂ ਅੰਗਦ ਥਾਪਿਆ।




# ਅਦਾਲਤ/ਕਚਹਿਰੀ: ਪੈਣ ਜਿਨ੍ਹਾਂ ਨੂੰ ਤਰੀਕਾਂ...

**ਪੇਸ਼ ਹੈ, ਸ਼ਬਦ 'ਅਦਾਲਤ/ਕਚਹਿਰੀ' ਬਾਰੇ ਪਰਮਜੀਤ ਢੀਂਗਰਾ ਦਾ ਲੇਖ ਅਤੇ ਸੰਸਾਰ ਪ੍ਰਸਿੱਧ ਕੁਝ ਅਦਾਲਤਾਂ ਬਾਰੇ ਸੰਖੇਪ ਜਾਣਕਾਰੀ...**

## ਸ਼ਬਦੋ ਵਣਜਾਰਿਓ



ਪਰਮਜੀਤ ਢੀਂਗਰਾ
ਫੋਨ: +91-94173-58120

**ਸ਼ਾਇਦ ਅਦਾਲਤ ਉਹ ਥਾਂ ਨਹੀਂ ਹੈ, ਜਿੱਥੇ ਤੁਸੀਂ ਅਸਲ ਵਿੱਚ ਜਾਣਾ ਚਾਹੁੰਦੇ ਹੋ; ਪਰ ਅਦਾਲਤ ਇੱਕ ਅਜਿਹੀ ਥਾਂ ਹੈ, ਜਿੱਥੇ ਨਿਆਂ ਦਾ ਅਹਿਸਾਸ ਹੁੰਦਾ ਹੈ। ਸਮਾਜਿਕ ਰੁਤਬੇ ਦੀ ਪਰਵਾਹ ਕੀਤੇ ਬਿਨਾ, ਜੋ ਵੀ ਵਿਅਕਤੀ ਅਦਾਲਤ ਵਿੱਚ ਜਾਂਦਾ ਹੈ, ਉਸ ਨੂੰ ਸਨਮਾਨ ਅਤੇ ਨਿਰਪੱਖਤਾ 'ਤੇ ਭਰੋਸਾ ਕਰਨ ਦਾ ਅਧਿਕਾਰ ਹੈ। ਸਮਾਜਿਕ ਜੀਵਨ ਵਿੱਚ ਨਿਆਂ ਪ੍ਰਣਾਲੀ ਦੀ ਭੂਮਿਕਾ ਨੂੰ ਧਿਆਨ ਵਿੱਚ ਰੱਖਦਿਆਂ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਆਧੁਨਿਕ ਇਮਾਰਤਾਂ ਦੇ ਨਿਰਮਾਣ ਲਈ ਫੰਡ ਅਲਾਟ ਕਰਦੀਆਂ ਹਨ। ਹਾਲਾਂਕਿ ਬਹੁਤ ਸਾਰੀਆਂ ਇਮਾਰਤਾਂ ਇੰਨੀਆਂ ਸੁੰਦਰ ਹਨ ਕਿ ਤੁਸੀਂ ਘੱਟੋ-ਘੱਟ ਇੱਕ ਗਾਈਡ ਟੂਰ ਦੇ ਨਾਲ ਉਨ੍ਹਾਂ ਦਾ ਦੌਰਾ ਕਰਨਾ ਚਾਹ ਸਕਦੇ ਹੋ। ਇਸੇ ਲਈ ਸੈਲਾਨੀ ਕੁਝ ਸ਼ਹਿਰਾਂ ਵਿਚ ਵਿਸ਼ੇਸ਼ ਤੌਰ 'ਤੇ ਇਮਾਰਤਸਾਜ਼ੀ ਕਲਾ ਦੇ ਨਮੂਨੇ ਦੇਖਣ ਆਉਂਦੇ ਹਨ, ਜਿਨ੍ਹਾਂ ਵਿਚ ਅਦਾਲਤਾਂ ਵੀ ਸ਼ਾਮਲ ਹਨ; ਪਰ ਜੇ ਅਦਾਲਤਾਂ ਵਿੱਚ ਹੀ ਇਨਸਾਫ ਨਹੀਂ ਤਾਂ ਇਨ੍ਹਾਂ ਦੀ ਸੁੰਦਰਤਾ ਕਿਸ ਕੰਮ!**

ਆਦਿ ਕਾਲ ਤੋਂ ਨਿਆਂ ਪ੍ਰਣਾਲੀ ਕਿਸੇ ਨਾ ਕਿਸੇ ਰੂਪ ਵਿੱਚ ਕੰਮ ਕਰਦੀ ਆ ਰਹੀ ਹੈ। ਜਦੋਂ ਮਨੁੱਖ ਨੇ ਪਹਿਲਾ ਜੁਰਮ ਕੀਤਾ ਹੋਵੇਗਾ ਤਾਂ ਉਦੋਂ ਹੀ ਸਮਾਜ ਦੇ ਸਿਆਣਿਆਂ ਨੇ ਸਿਰ ਜੋੜ ਕੇ ਇਹਦੇ ਬਾਰੇ ਸੋਚਿਆ ਹੋਵੇਗਾ ਕਿ ਜੇ ਜੁਰਮਾਂ ਨੂੰ ਰੋਕਣਾ ਹੈ ਤਾਂ ਇਹਦੇ ਲਈ ਇਕ ਨਿਯਮਾਵਲੀ ਤੇ ਦੰਡ ਵਿਧਾਨ ਜ਼ਰੂਰੀ ਹੈ। ਪੁਰਾਤਨ ਕਾਬਾਇਲੀ ਸਮਾਜਾਂ ਵਿੱਚ ਵੀ ਨਿਆਂ ਤੇ ਦੰਡ ਵਿਧਾਨ ਮਿਲਦੇ ਹਨ, ਜਿਨ੍ਹਾਂ ਵਿੱਚ ਸਭ ਤੋਂ ਵੱਡਾ ਦੰਡ ਕਬੀਲੇ ਵਿੱਚੋਂ ਛੇਕੇ ਜਾਣ ਦਾ ਹੈ। ਹੌਲੀ ਹੌਲੀ ਨਿਆਂ ਪ੍ਰਣਾਲੀ ਲਈ ਅਦਾਲਤ ਤੇ ਕਚਹਿਰੀ ਵਰਗੇ ਸ਼ਬਦ ਇਜਾਦ ਕੀਤੇ ਗਏ। ਰਾਜਾਸ਼ਾਹੀ ਵੇਲੇ ਹਰ ਰਾਜੇ ਕੋਲ ਦੰਡ ਹੁੰਦਾ ਸੀ, ਜਿਸ ਦਾ ਅਰਥ ਸੀ ਕਿ ਉਹਦੇ ਕੋਲ ਨਿਆਂ ਕਰਨ ਤੇ ਦੰਡ ਦੇਣ ਦੀ ਤਾਕਤ ਹੈ। ਉਹਦੀ ਇਹ ਤਾਕਤ ਆਖਰੀ ਮੰਨੀ ਜਾਂਦੀ ਸੀ। ਰਾਜਿਆਂ ਵਿੱਚ ਵੀ ਨਿਆਂ ਪਸੰਦ ਤੇ ਜ਼ਾਲਮ ਦੀਆਂ ਦੋ ਸ਼੍ਰੇਣੀਆਂ ਏਸੇ ਆਧਾਰ 'ਤੇ ਬਣੀਆਂ।

ਪੰਜਾਬੀ ਨਿਰੁਕਤ ਕੋਸ਼ ਅਨੁਸਾਰ ਅਦਾਲਤ ਦਾ ਅਰਥ ਹੈ- ਆਦਲ, ਭਾਵ ਅਦਲ ਕਰਨ ਵਾਲਾ, ਨਿਆਂਕਾਰੀ; ਮੂਲ ਅਰਥ 'ਉਚਿਤ ਕੰਮ ਕਰਨ ਵਾਲਾ', ਇਕ ਸਮਾਨ ਦ੍ਰਿਸ਼ਟੀ ਵਾਲਾ। ਅਰਬੀ ਆਦਿਲ, ਨਿਆਂਕਾਰ, ਮੁਨਸਿਫ਼, ਇਅਤਦਾਲ ਭਾਵ ਇੱਕ ਸਮਾਨ ਹੋਣਾ, ਬਰਾਬਰ ਹੋਣਾ, ਗਰਮੀ ਸਰਦੀ ਵਿੱਚ ਇਕ ਸਮਾਨ, ਮੱਧ ਮਾਰਗ, ਸੰਜਮ ਆਦਿ। ਅਦਾਲਤ- ਇਨਸਾਫ ਦੀ ਥਾਂ, ਕਚਹਿਰੀ। ਫ਼ਾਰਸੀ ਕੋਸ਼ ਅਨੁਸਾਰ ਅਦਾਲਤ: ਇਨਸਾਫ਼ ਕਰਨਾ, ਬਰਾਬਰੀ, ਨਿਆਂਕਾਰ ਹੋਣਾ, ਮੁਨਸਿਫ਼ ਹੋਣਾ, ਗਵਾਹੀਯੋਗ ਹੋਣਾ, ਇਨਸਾਫ਼ ਦੀ ਥਾਂ, ਕਚਹਿਰੀ ਆਦਿ। ਅਰਬੀ-ਫ਼ਾਰਸੀ-ਪੰਜਾਬੀ ਕੋਸ਼ ਅਨੁਸਾਰ ਅਦਾਲਤ= ਇਨਸਾਫ਼, ਇਨਸਾਫ਼ ਦੀ ਕਚਹਿਰੀ, ਕੋਰਟ, ਨਿਆਂਇਆਲਾ, ਇਹ ਸ਼ਬਦ ਅਦਲ ਤੋਂ ਬਣਿਆ ਹੈ, ਜਿਸ ਦੇ ਸ਼ਬਦੀ ਅਰਥ ਹਨ- ਬਰਾਬਰੀ, ਇਨਸਾਫ਼; ਭਾਵ ਅਰਥ ਹਨ- ਨਿਆਂ ਕਰਨ ਵਾਲਾ ਅਸਥਾਨ, ਝਗੜੇ ਮੁਕਾਉਣ ਤੇ ਇਨਸਾਫ ਕਰਨ ਵਾਲਾ ਮਹਿਕਮਾ। ਅਦਾਲਤੀ-ਅਦਾਲਤ ਨਾਲ ਸੰਬੰਧਿਤ ਜਿਵੇਂ ਅਦਾਲਤੀ ਕਾਰਵਾਈ, ਅਦਾਲਤੀ ਇਸ਼ਤਿਹਾਰ, ਅਦਾਲਤੀ ਹੁਕਮ ਆਦਿ। ਮਹਾਨ ਕੋਸ਼ ਵਿੱਚ ਵੀ ਲਗਪਗ ਇਹੋ ਜਿਹੇ ਅਰਥ ਕੀਤੇ ਗਏ ਹਨ, ਜਿਵੇਂ-ਅਦਲ ਸੰ.ਘ੍ਰਿਤ ਅ.ਅਦਲ ਸੰਗਿਆ ਨਿਆਂਓ "ਅਦਲ ਕਰੇ ਗੁਰੁ ਗਿਆਨ ਸਮਾਨਾ" (ਮਾਰੂ ਸੋਲਹੇ ਮ. ੧)

ਪ੍ਰਮੇਸ਼ਵਰ, ਕਰਤਾਰ, ਤੁਲਯਤਾ, ਸਮਾਨਤਾ, ਮਾਪ,ਮਿਣਤੀ, ਅਦਲੀ ਨਿਆਂ ਕਰਨ ਵਾਲਾ, ਜੱਜ, "ਅਦਲੀ ਹੋਇ ਬੈਠਾ ਪ੍ਰਭੁ ਆਪਿ"

(ਗਉੜੀ ਮਹਲਾ ੫) ਪੰਜਾਬੀ ਕੋਸ਼ ਅਨੁਸਾਰ ਅਦਲ- ਨਿਆਂਓ, ਇਨਸਾਫ਼; ਅਦਲੀ- ਨਿਆਂਕਾਰੀ, ਜੱਜ, ਮੈਜਿਸਟ੍ਰੇਟ, ਮੁਨਸਿਫ਼।

ਨਿਰਾਰਥ ਸ਼ਬਦ, ਜੋ ਬਦਲ ਨਾਲ ਚਲਦਾ ਹੈ। ਅਦਲਾ-ਬਦਲੀ, ਬਦਲਾਅ, ਵਟਾਂਦਰਾ, ਵੱਟਾ-ਸੱਟਾ, ਕਿਸੇ ਕਾਰਵਾਈ ਦੀ ਜਵਾਬੀ ਕਾਰਵਾਈ। ਅਦਲੀ- ਹੀਰ ਦੇ ਕਿੱਸੇ ਵਿੱਚ ਇੱਕ ਹਾਕਮ ਦਾ ਨਾਂ, ਜਿਸ ਦੇ ਸਾਹਮਣੇ ਹੀਰ ਤੇ ਰਾਂਝੇ ਨੂੰ ਗ੍ਰਿਫਤਾਰ ਕਰਕੇ ਪੇਸ਼ ਕੀਤਾ ਗਿਆ; ਇਨਸਾਫ਼ ਕਰਨ ਵਾਲਾ। ਬਅਦਾਲਤ- ਕਚਹਿਰੀ, ਇਨਸਾਫ਼ ਕਰਨ ਦੀ ਥਾਂ। ਇਸ ਨਾਲ ਕਈ ਉਕਤੀਆਂ ਤੇ ਮੁਹਾਵਰੇ ਵੀ ਜੁੜੇ ਹੋਏ ਹਨ। ਅਦਾਲਤ ਕਰਨਾ- ਅਦਾਲਤ ਦਾ ਕੰਮ ਕਾਰ ਕਰਨਾ, ਅਦਾਲਤ ਘਰ, ਅਦਾਲਤ ਚੜ੍ਹਨਾ, ਮੁਕੱਦਮਾ ਕਰਨਾ, ਅਦਾਲਤ ਦਾ ਦਰ ਖੁੱਲ੍ਹਾ ਹੋਣਾ, ਅਦਾਲਤ ਦੇ ਕੁੱਤੇ ਆਦਿ। ਮੂਲ ਰੂਪ 'ਚ ਅਦਲ ਵਿੱਚ ਬਦਲ ਸ਼ਬਦ ਭਾਵ ਬਦਲਾਅ ਦਾ ਦਖਲ ਹੈ। ਇਹ ਸੈਮਟਿਕ ਭਾਸ਼ਾ ਪਰਿਵਾਰ ਵਿੱਚੋਂ ਨਿਕਲਿਆ ਹੋਣ ਕਰਕੇ ਇਹਦੀ ਸਕੀਰੀ ਅਰਬੀ ਭਾਸ਼ਾ ਨਾਲ ਹੈ। ਮੂਲ ਅਰਬੀ ਵਿੱਚ ਇਹਦੇ ਤੋਂ ਤਬਾਦਲਾ ਸ਼ਬਦ ਬਣਿਆ ਹੈ। ਅਰਬੀ ਦੀ ਇਕ ਧਾਤੂ ਹੈ: ਅ-ਦ-ਲ/ ਜਿਸ ਤੋਂ ਅਦਲਾ ਸ਼ਬਦ ਨਿਰਮਤ ਹੋਇਆ ਹੈ। ਅਰਬੀ ਵਿੱਚ ਇਹਦਾ ਭਾਵ ਹੈ- ਚੀਜ਼ਾਂ ਨੂੰ ਟਿਕਾਣੇ ਸਿਰ ਰੱਖਣਾ। ਨਿਆਂ ਪੂਰਵਕ ਤਰੀਕੇ ਨਾਲ ਕੀਤਾ ਗਿਆ ਕੰਮ ਵੀ ਅਦਾਲਾ ਅਖਵਾਉਂਦਾ ਹੈ।

ਅਦਲਾ-ਬਦਲੀ ਵਿੱਚ ਜਿਥੇ ਅਦਾਲ ਦਾ ਅਰਥ ਪਰਿਵਰਤਣ ਜਾਂ ਫੇਰ ਬਦਲ ਨਜ਼ਰ ਆਉਂਦਾ ਹੈ, ਉਥੇ ਅਦਾਲਤ ਸ਼ਬਦ ਵਿੱਚ ਇਹਦੀ ਵਿਆਪਕਤਾ ਨਜ਼ਰ ਆਉਂਦੀ ਹੈ। ਅਦਾਲਤ ਉਹੀ ਥਾਂ ਜਾਂ ਸਥਾਨ ਹੈ, ਜਿਥੇ ਨਿਆਂ ਕੀਤਾ ਜਾਂਦਾ ਹੈ। ਨਿਆਂ ਕੀ ਹੈ? ਤੱਥਾਂ ਨੂੰ ਉਚਿਤ ਪਰਿਪੇਖ ਵਿੱਚ ਨਿਰਖਣਾ/ਪਰਖਣਾ, ਘੋਖ ਕਰਕੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਨਾ। ਅਦਲ ਤੋਂ ਬਣੇ ਅਦਾਲਾ ਸ਼ਬਦ ਦੀ ਵਰਤੋਂ ਕਈ ਭਾਸ਼ਾਵਾਂ ਵਿੱਚ ਮਿਲਦੀ ਹੈ। ਹਿਬਰੂ ਵਿੱਚ ਇਕ ਇ.ਲਿੰ.ਵਾ. ਸ਼ਬਦ ਅਦਾਲੀਆ ਮਿਲਦਾ ਹੈ, ਜਿਸ ਦਾ ਅਰਥ ਹੈ- ਪ੍ਰਭੂ ਦੀ ਸ਼ਰਨ ਵਿੱਚ, ਜੋ ਵੱਡਾ ਨਿਆਂਕਾਰੀ ਹੈ। ਹਿਬਰੂ ਤੋਂ ਜਰਮਨ ਵਿੱਚ ਇਹਦੀ ਆਮਦ ਹੋਈ ਹੈ, ਜਿਥੇ ਇਹਦਾ ਰੂਪ ਹੈ- ਅਡੇਲ, ਅਡੇਲੀਆ।

ਸੈਮਟਿਕ ਮੂਲ ਦੀ ਇਕ ਹੋਰ ਧਾਤੂ ਹੈ: ਬ-ਦ-ਲ/ ਜਿਸ ਤੋਂ ਬਦਲ, ਬਦਾਲਾ, ਬਦਲਾ ਵਰਗੇ ਸ਼ਬਦ ਬਣੇ ਹਨ। ਇਹਦੇ ਮੂਲ ਵਿੱਚ ਆਦਾਨ-ਪ੍ਰਦਾਨ, ਤਬਦੀਲੀ, ਲੈਣ-ਦੇਣ ਵਰਗੇ ਭਾਵ ਪਏ ਹਨ। ਪ੍ਰਚੀਨ ਕਾਲ ਵਿੱਚ ਲੈਣ-ਦੇਣ ਵਟਾਂਦਰੇ ਦੇ ਰੂਪ ਵਿੱਚ ਹੁੰਦਾ ਸੀ। ਇਸ ਬਦਾਲ ਜਾਂ ਬਦਲ ਵਿੱਚ ਇਹੀ ਭਾਵ ਪਏ ਹਨ। ਉਰਦੂ ਸ਼ਬਦ ਬਦਲੇ ਦਾ ਭਾਵ ਹੈ, ਵੈਰ ਕੱਢਣਾ। ਬਦਲੇ ਦਾ ਇਹੀ ਅਸੰਤੁਲਨ ਅਦਾਲਤ ਵਿੱਚ ਜਾ ਕੇ ਨਿਆਂ ਦੀ ਦੇਵੀ ਦੀ ਤੱਕੜੀ ਵਿੱਚ ਤੋਲਿਆ ਜਾਂਦਾ ਹੈ। ਅਦਲ ਦਾ ਇਕ ਅਰਥ ਤੱਕੜੀ ਹੈ। ਇਸੇ ਅਦਲ, ਅਦਾਲਤ ਦੀ ਸਕੀਰੀ ਕਚਹਿਰੀ ਨਾਲ ਹੈ। ਮਹਾਨ ਕੋਸ਼ ਅਨੁਸਾਰ ਕਚਹਿਰੀ ਸੰ.ਕੁਤਸਿਤ ਹਰੀ ਕੁਤਸਿਤ (ਨਿੰਦਤ) ਕਰਮ ਦੇ ਹਰਣ ਅਥਵਾ ਮਿਟਾਉਣ ਵਾਲੀ, ਅਦਾਲਤ ਦੇ ਬੈਠਣ ਦੀ ਥਾਂ।

ਪੰਜਾਬੀ ਕੋਸ਼ ਅਨੁਸਾਰ-ਕਚਹਿਰੀ, ਸੰ.; ਕਕਸ਼ਿਆ- ਉਹ ਹਾਤਾ, ਜਿੱਥੇ ਬਹੁਤ ਸਾਰੀਆਂ ਅਦਾਲਤਾਂ ਲਗਦੀਆਂ ਹਨ, ਉਹ ਥਾਂ ਜਿੱਥੇ ਇਨਸਾਫ਼ ਮਿਲੇ, ਅਦਾਲਤ ਦਾ ਕਮਰਾ, ਜੱਜ ਦਾ ਕਮਰਾ, ਦਰਬਾਰ, ਇਜਲਾਸ, ਬਰਾਦਰੀ ਦਾ ਇਕੱਠ, ਜੋ ਕਿਸੇ ਝਗੜੇ ਦਾ ਫੈਸਲਾ ਕਰੇ। ਇਸ ਨਾਲ ਅਨੇਕਾਂ ਉਕਤੀਆਂ ਤੇ ਮੁਹਾਵਰੇ ਜੁੜੇ ਹੋਏ ਹਨ, ਜੋ ਇਹਦੀ ਸਪੇਸ ਨਿਰਧਾਰਤ ਕਰਦੇ ਹਨ, ਜਿਵੇਂ ਕਚਹਿਰੀ ਕਰਨਾ, ਕਚਹਿਰੀ ਚੜ੍ਹਨਾ/ਚਾੜ੍ਹਨਾ, ਕਚਹਿਰੀ ਦਾ ਕੁੱਤਾ, ਕਚਹਿਰੀ ਬਰਖਾਸਤ ਹੋਣਾ/ਕਰਨਾ, ਕਚਹਿਰੀ ਲਾਉਣਾ, ਕਚਹਿਰੀ ਵਿੱਚ ਲੜਨਾ, ਭਰੀ ਕਚਹਿਰੀ, 'ਤੇਰੀ ਗੁੱਤ 'ਤੇ ਕਚਹਿਰੀ ਲੱਗਦੀ, ਦੂਰੋਂ ਦੂਰੋਂ ਆਉਣ ਮਾਮਲੇ', ਭੂਆ-ਭਤੀਜੀ ਲੜੀਆਂ ਵਿੱਚ ਕਚਹਿਰੀ ਦੇ, ਕਚਹਿਰੀਆਂ 'ਚ ਮੇਲੇ ਲੱਗਦੇ ਆਦਿ।

ਮੂਲ ਰੂਪ ਵਿੱਚ ਕਚਹਿਰੀ ਸ਼ਬਦ ਬਣਿਆ ਹੈ ਸੰਸਕ੍ਰਿਤ ਦੇ 'ਕ੍ਰਿਤਗ੍ਰਿਹਿ' ਤੋਂ, ਜਿਸ ਦਾ ਅਰਥ ਹੈ- ਅਦਾਲਤ। ਇਹ ਦੋ ਸ਼ਬਦਾਂ ਦੀ ਸੰਧੀ ਹੈ: ਕ੍ਰਿਤ+ਗ੍ਰਿਹਿ, ਇਹਦੀ ਇੱਕ ਲੜੀ ਬਣਦੀ ਹੈ: ਕ੍ਰਿਤਗ੍ਰਹ~ਕੱਚਘਰ~ਕੱਚਹਰ, ਇਸ ਤੋਂ ਹੀ ਇਹ ਕਚਹਿਰੀ ਵਿੱਚ ਢਲ ਗਿਆ। ਸੰਸਕ੍ਰਿਤ ਦੀ 'ਕਰੂ' ਧਾਤੂ ਵਿੱਚ ਮੂਲ ਅਰਥ ਕਰਮ ਅਥਵਾ ਕਿਰਿਆ ਹੈ, ਜਿਸ ਦਾ ਭਾਵ ਹੈ ਕਰਨਾ। ਇਸ ਤੋਂ ਕਈ ਸ਼ਬਦ ਬਣੇ ਹਨ, ਜਿਵੇਂ ਅੰਗੀਕ੍ਰਿਤ ਭਾਵ ਅੰਗੀਕਾਰ। ਅਤੀਕ੍ਰਿਤ ਭਾਵ ਵੱਧ ਜਾਣਾ, ਜ਼ਿਆਦਾ। ਇਸ ਤੋਂ ਅਤੀਕ੍ਰਮਣ ਵਰਗੇ ਸ਼ਬਦ ਬਣੇ। ਕ੍ਰਿਤ ਦਾ ਅਰਥ ਹੈ- ਕਰਨਾ, ਉਚਿਤ, ਠੀਕ। ਇਹੀ ਨਿਆਂ ਮੰਨਿਆ ਗਿਆ ਹੈ। ਇਸ ਲਈ ਕ੍ਰਿਤਗ੍ਰਹ ਨੂੰ ਕਚਹਿਰੀ ਦੀ ਸੰਗਿਆ ਮਿਲ ਗਈ। ਕੋਰਟ-ਕਚਹਿਰੀ ਦੀ ਸੰਧੀ ਕਰਕੇ ਦੋ ਵੱਖ ਵੱਖ ਭਾਸ਼ਾਵਾਂ ਦੇ ਸ਼ਬਦਾਂ ਨੂੰ ਸਾਂਝਾ ਅਰਥ ਦੇ ਦਿੱਤਾ ਗਿਆ। ਇਸ ਦੇ ਅਰਥ ਅਦਾਲਤ ਤੇ ਇਜਲਾਸ ਕੀਤੇ ਗਏ। ਇਜਲਾਸ ਮੂਲ ਰੂਪ ਵਿੱਚ ਅਰਬੀ ਦੇ ਸ਼ਬਦ ਅਜਲਾਸ ਦਾ ਰੂਪਾਂਤਰ ਹੈ। ਇਹ 'ਜਲਸ:' ਤੋਂ ਬਣਿਆ ਹੈ, ਇਹਦੀ ਮੂਲ ਅਰਬੀ ਧਾਤੂ 'ਜ-ਲ-ਸ' ਹੈ। ਇਹ ਸਮੂਹਵਾਚਕ ਧਾਤੂ ਹੈ, ਜਿਸ ਦਾ ਅਰਥ ਹੈ- ਮਹਿਫਲ, ਸਭਾ, ਬੈਠਕ, ਗੋਸ਼ਟੀ, ਅਯੋਜਨ। ਇਸ ਵਿੱਚ 'ਮ' ਉਪਸਰਗ ਲਾ ਕੇ ਮਜਲਿਸ ਸ਼ਬਦ ਬਣਦਾ ਹੈ, ਜਿਸ ਦੇ ਅਰਥ ਇਕੱਠ, ਸਭਾ, ਗੋਸ਼ਟੀ, ਕਮੇਟੀ ਆਦਿ ਬਣਦੇ ਹਨ। ਇਸੇ ਕੜੀ ਵਿੱਚ ਜਲੂਸ ਸ਼ਬਦ ਆ ਜਾਂਦਾ ਹੈ, ਜਿਸ ਦਾ ਅਰਥ ਹੈ- ਇਕੱਠ ਜਾਂ ਸਮੂਹ ਦੀ ਯਾਤਰਾ। ਜਲਸ: ਵਿੱਚ 'ਇ' ਲੱਗਣ ਨਾਲ ਇਜਲਾਸ ਸ਼ਬਦ ਬਣਦਾ ਹੈ, ਜਿਸ ਦਾ ਅਰਥ ਪੰਚਾਇਤ, ਇਕੱਠ, ਬੈਠਕ ਆਦਿ ਹੈ।

ਅਦਾਲਤ/ਕਚਹਿਰੀ ਦਾ ਸਗੋਤੀ ਅੰਗਰੇਜ਼ੀ ਕੋਰਟ ਹੈ, ਜਿਸ ਦਾ ਅਰਥ ਹੈ- ਘਿਰੀ ਹੋਈ ਥਾਂ। ਤੇਰ੍ਹਵੀਂ ਸਦੀ ਦੇ ਨੇੜੇ-ਤੇੜੇ ਨਿਆਂ ਲਈ ਕੋਰਟ ਸ਼ਬਦ ਪ੍ਰਚਲਿਤ ਹੋਇਆ। ਅੱਜ ਕੱਲ੍ਹ ਕੋਰਟਸ਼ਿਪ, ਕੋਰਟ ਮੈਰਿਜ, ਕੋਰਟ ਰੂਮ, ਹਾਈਕੋਰਟ, ਸੁਪਰੀਮ ਕੋਰਟ, ਸੈਸ਼ਨ ਕੋਰਟ, ਲੋਅਰ ਕੋਰਟ, ਕੋਰਟ ਦਾ ਫੈਸਲਾ, ਕੋਰਟ ਦੇ ਆਰਡਰ ਵਰਗੇ ਅਨੇਕਾਂ ਸ਼ਬਦ ਪ੍ਰਚਲਿਤ ਹੋ ਗਏ ਹਨ। ਇਸ ਤਰ੍ਹਾਂ ਅਦਾਲਤ, ਕਚਹਿਰੀ ਸ਼ਬਦਾਂ ਦਾ ਲੰਮਾ ਚੌੜਾ ਕੁਨਬਾ ਹੈ ਤੇ ਇਸ ਨਾਲ ਹਰ ਰੋਜ਼ ਨਵੇਂ ਸ਼ਬਦ ਬਣ ਰਹੇ ਹਨ, ਜੋ ਇਹਦੀ ਮਹੱਤਤਾ ਨੂੰ ਉਜਾਗਰ ਕਰਦੇ ਹਨ।

⇒ ਹੋਰ ਜਾਣਕਾਰੀ ਅਗਲੇ ਸਫੇ ਉਤੇ ਪੜ੍ਹੋ

**ਕੁਆਲਾਲੰਪੁਰ ਕੋਰਟ ਬਿਲਡਿੰਗ ਦੁਨੀਆਂ ਦਾ ਸਭ ਤੋਂ ਵੱਡਾ ਕੋਰਟਹਾਊਸ ਹੈ। ਵਾਸਤਵ ਵਿੱਚ ਇਹ ਇੱਕ ਪੂਰਾ ਕੰਪਲੈਕਸ ਹੈ, ਜੋ ਕਰੀਬ 12 ਹੈਕਟੇਅਰ ਦੇ ਖੇਤਰ ਨੂੰ ਕਵਰ ਕਰਦਾ ਹੈ। ਇਸ ਪ੍ਰਾਜੈਕਟ ਨੂੰ ਬਣਾਉਣ ਵਿੱਚ 3 ਸਾਲ ਲੱਗੇ। ਇਮਾਰਤ ਵਿੱਚ ਸਿਵਲ ਕੋਰਟ ਆਫ ਫਸਟ ਇੰਸਟੈਂਸ, 21 ਫੌਜਦਾਰੀ ਅਦਾਲਤ ਦੇ ਹਾਲ, 26 ਮੈਜਿਸਟ੍ਰੇਟ ਸੁਣਵਾਈ ਕਮਰੇ ਅਤੇ 30 ਪਰਿਵਾਰਕ ਅਦਾਲਤ ਦੇ ਕਮਰੇ ਹਨ। ਇਸ ਤੋਂ ਇਲਾਵਾ, ਇੱਥੇ ਇੱਕ ਲਾਇਬ੍ਰੇਰੀ, ਇੱਕ ਮਨੋਰੰਜਨ ਖੇਤਰ ਅਤੇ ਇੱਕ ਪਾਰਕ ਹੈ। ਉਸਾਰੀ ਦੀ ਲਾਗਤ $76.3 ਮਿਲੀਅਨ ਹੋਣ ਦਾ ਅਨੁਮਾਨ ਹੈ।**



## ਬੈਲਜੀਅਮ ਦਾ 'ਪੈਲੇਸ ਆਫ਼ ਜਸਟਿਸ'



**ਬ੍ਰਸੇਲ, ਬੈਲਜੀਅਮ:** ਇਹ ਇਮਾਰਤ 19ਵੀਂ ਸਦੀ ਵਿੱਚ ਬਣੀ ਸਭ ਤੋਂ ਵੱਡੀ ਇਮਾਰਤ ਮੰਨੀ ਜਾਂਦੀ ਹੈ, ਜਿਸ ਦਾ ਖੇਤਰ 52 ਹਜ਼ਾਰ ਸਕੁਏਅਰ ਮੀਟਰ ਕਵਰ ਕਰਦਾ ਹੈ। ਉਸਾਰੀ ਲਈ ਬ੍ਰਸੇਲਜ਼ ਵਿੱਚ ਇੱਕ ਪੂਰਾ ਖੇਤਰ ਸਾਫ਼ ਕਰਨਾ ਪਿਆ। ਇਸ ਦੀ ਉਸਾਰੀ ਦਾ ਕੰਮ 20 ਸਾਲ ਚੱਲਿਆ। ਮੁੱਖ ਹਾਲ ਦੀ ਉਚਾਈ 97.5 ਮੀਟਰ ਹੈ।

ਕੁਝ ਬੈਲਜੀਅਨਾਂ ਦੁਆਰਾ ਬ੍ਰਸੇਲਜ਼ ਵਿੱਚ 'ਪੈਲੇਸ ਆਫ਼ ਜਸਟਿਸ' ਪ੍ਰਾਜੈਕਟ ਦੇ ਲੇਖਕ ਜੋਸੇਫ ਪੋਲਾਰਡ ਨੂੰ "ਗੈਰ-ਪ੍ਰੋਫੈਸ਼ਨਲ ਆਰਕੀਟੈਕਟ" ਦਾ ਨਾਮ ਦਿੱਤਾ ਗਿਆ, ਜੋ ਸਭ ਤੋਂ ਵੱਧ ਸੈਂਸਰਸ਼ਿਪ ਉਪਨਾਮ ਹੈ। ਸਥਾਨਕ ਲੋਕਾਂ ਦੀ ਨਕਾਰਾਤਮਕ ਪ੍ਰਤੀਕਿਰਿਆ ਇਸ ਤੱਥ ਦੇ ਕਾਰਨ ਸੀ ਕਿ ਇਸ ਦੇ ਨਿਰਮਾਣ ਲਈ ਲਗਭਗ 3 ਹਜ਼ਾਰ ਨਿੱਜੀ ਘਰ ਢਾਹ ਦਿੱਤੇ ਗਏ ਸਨ। ਅਧਿਕਾਰੀਆਂ ਨੇ ਬੇਦਖਲ ਕੀਤੇ ਲੋਕਾਂ ਨੂੰ ਨਵੇਂ ਮਕਾਨ ਮੁਹੱਈਆ ਕੀਤੇ, ਪਰ ਫਿਰ ਵੀ ਮਹਿਲ ਦੇ ਖੁੱਲ੍ਹਣ ਤੋਂ ਅਗਲੇ ਦਿਨ, ਅਖ਼ਬਾਰਾਂ ਨੇ ਰਿਪੋਰਟ ਦਿੱਤੀ ਕਿ ਸ਼ਹਿਰ ਦੇ ਲੋਕਾਂ ਨੇ ਨਿਆਂਪਾਲਿਕਾ ਦੇ ਪ੍ਰਤੀਕ ਨੂੰ 'ਅਪਵਿੱਤਰ' ਕਰਾਰ ਦਿੱਤਾ ਹੈ।

ਉਸਾਰੀ ਲਈ ਜਗ੍ਹਾ ਨੂੰ ਗਲਗਨਬਰਗ ਪਹਾੜੀ 'ਤੇ ਹੋਣ ਕਾਰਨ ਚੁਣਿਆ ਗਿਆ ਸੀ, ਯਾਨਿ ਗੈਲੋਜ਼ ਹਿੱਲ, ਜਿੱਥੇ ਮੱਧ ਯੁੱਗ ਤੋਂ ਮੌਤ ਦੀ ਸਜ਼ਾ ਦਿੱਤੀ ਗਈ ਸੀ। ਅੱਜ, 'ਪੈਲੇਸ ਡੀ ਜਸਟਿਸ' ਵਿੱਚ ਕੈਸੇਸ਼ਨ ਦੀ ਅਦਾਲਤ ਹੈ। ਕਈ ਸਾਲਾਂ ਤੋਂ ਇਮਾਰਤ ਨੂੰ ਸਕੈਫੋਲਡਿੰਗ ਨਾਲ ਢਕਿਆ ਗਿਆ ਹੈ; ਵੱਡੇ ਪੱਧਰ 'ਤੇ ਮੁਰੰਮਤ ਦਾ ਕੰਮ ਚੱਲ ਰਿਹਾ ਹੈ ਅਤੇ ਗੁੰਬਦ ਸੁਨਹਿਰੀ ਝਾਲ ਨਾਲ ਚਮਕਿਆ ਹੈ। ਉਪਰਲੀ, ਖੁੱਲ੍ਹੀ ਗੈਲਰੀ ਤੋਂ ਬ੍ਰਸੇਲਜ਼ ਦਾ ਇੱਕ ਸੁੰਦਰ ਪੈਨੋਰਾਮਾ ਖੁੱਲ੍ਹਦਾ ਹੈ।

ਸ਼ਾਨਦਾਰ ਢਾਂਚਾ ਬੇਬੀਲੋਨ ਜ਼ਿਗਗੁਰਟ ਦੀ ਯਾਦ ਦਿਵਾਉਂਦਾ ਹੈ, ਹੌਲੀ ਹੌਲੀ ਨਵੇਂ ਸੰਯੁਕਤ ਬੈਲਜੀਅਮ ਦਾ ਪ੍ਰਤੀਕ ਬਣ ਗਿਆ।

## ਜਸਟਿਜ਼ਪਲਾਸਟ (ਮਿਊਨਿਖ, ਜਰਮਨੀ)

ਇਸ ਇਮਾਰਤ ਨੂੰ ਜਰਮਨੀ ਦੀ ਸਭ ਤੋਂ ਖੂਬਸੂਰਤ ਇਮਾਰਤਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਕੇਂਦਰੀ ਰੇਲਵੇ ਸਟੇਸ਼ਨ ਅਤੇ ਰਾਇਲ ਸਕੁਏਅਰ ਦੇ ਵਿਚਕਾਰ ਸ਼ਹਿਰ ਦੇ ਕੇਂਦਰ ਵਿੱਚ ਸਥਿਤ ਹੈ। ਅਦਾਲਤ ਨੇ ਪਹਿਲੀ ਵਾਰ 1886 ਵਿੱਚ ਆਪਣੇ ਦਰਵਾਜ਼ੇ ਖੋਲ੍ਹੇ ਸਨ। ਇਮਾਰਤ ਵਿੱਚ 67 ਮੀਟਰ ਉੱਚਾ ਕੱਚ ਦਾ ਇੱਕ ਵਿਸ਼ਾਲ ਗੁੰਬਦ ਹੈ।

ਪ੍ਰਾਜੈਕਟ ਦਾ ਲੇਖਕ ਆਰਕੀਟੈਕਟ ਫ੍ਰੀਡਰਿਕ ਵਾਨ ਥਿਰਸ਼ ਸੀ, ਜਿਸ ਨੇ ਨਵ-ਬੈਰੋਕ ਸ਼ੈਲੀ ਵਿੱਚ ਪੁਨਰਜਾਗਰਣ ਦੇ ਤੱਤਾਂ ਨੂੰ ਜੋੜ ਕੇ ਇਮਾਰਤ ਨੂੰ ਡਿਜ਼ਾਈਨ ਕੀਤਾ ਸੀ। ਹਾਲਾਂਕਿ ਕੋਰਟਹਾਊਸ ਨਾ ਸਿਰਫ ਇੱਕ ਆਰਕੀਟੈਕਚਰਲ ਅਤੇ ਪ੍ਰਸ਼ਾਸਨਿਕ ਦ੍ਰਿਸ਼ਟੀਕੋਣ ਤੋਂ, ਸਗੋਂ ਇੱਕ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਵੀ ਦਿਲਚਸਪ ਹੈ: ਇੱਥੇ ਨਾਜ਼ੀ-ਵਿਰੋਧੀ ਸਮੂਹ 'ਵ੍ਹਾਈਟ ਰੋਜ਼' ਦੇ ਮੈਂਬਰਾਂ ਦੇ ਵਿਰੁੱਧ ਇੱਕ ਮੁਕੱਦਮਾ ਚਲਾਇਆ ਗਿਆ ਸੀ। ਪੈਲੇਸ ਆਫ਼ ਜਸਟਿਸ 'ਚ ਸੰਗੀਤਕਾਰ ਲੋਥਰ ਬਰੂਨੇਟ ਦੀ ਸਾਬਕਾ ਪਤਨੀ ਵੀਰਾ ਬਰੂਨੇਟ, ਜਿਸ ਨੂੰ ਆਪਣੇ ਪ੍ਰੇਮੀ ਦੇ ਕਤਲ ਲਈ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ, ਦਾ ਮੁਕੱਦਮਾ ਵੀ ਚੱਲਿਆ।

ਜਸਟਿਜ਼ਪਲਾਸਟ, ਮਿਊਨਿਖ



## 'ਨੂਰਮਬਰਗ ਨਿਆਂ ਦਾ ਪੈਲੇਸ'

ਇਸ ਤੋਂ ਇਲਾਵਾ ਜਰਮਨੀ ਦਾ 'ਨੂਰਮਬਰਗ ਨਿਆਂ ਦਾ ਪੈਲੇਸ' ਟਰਾਇਲਾਂ ਲਈ ਮਸ਼ਹੂਰ ਹੈ। ਇਸਦਾ ਨਿਰਮਾਣ 1916 ਵਿੱਚ ਪੂਰਾ ਹੋਇਆ ਸੀ। ਇਮਾਰਤ ਦਾ ਅੰਦਰੂਨੀ ਖੇਤਰ ਲਗਭਗ 65 ਹਜ਼ਾਰ ਸਕੁਏਅਰ ਮੀਟਰ ਹੈ। ਇੱਥੇ ਨਾਜ਼ੀ ਪਾਰਟੀ ਦੀਆਂ ਕਾਂਗਰਸਾਂ ਨਿਯਮਿਤ ਤੌਰ 'ਤੇ ਹੁੰਦੀਆਂ ਸਨ, ਜਿਸ ਲਈ ਨੂਰਮਬਰਗ ਨੂੰ 'ਰੀਕ ਪਾਰਟੀ ਦੀਆਂ ਕਾਂਗਰਸਾਂ ਦਾ ਸ਼ਹਿਰ' ਕਿਹਾ ਜਾਂਦਾ ਸੀ। ਮੁਕੱਦਮੇ ਦੀ ਸਮਾਪਤੀ ਤੋਂ ਬਾਅਦ ਮਹਿਲ ਦੀ ਇਮਾਰਤ ਅਮਰੀਕੀ ਪ੍ਰਸ਼ਾਸਨ ਦੀ ਜਾਇਦਾਦ ਰਹੀ। 20 ਸਾਲ ਬਾਅਦ 30 ਜੂਨ 1961 ਨੂੰ ਇਸਨੂੰ ਪੱਛਮੀ ਜਰਮਨੀ ਵਿੱਚ ਤਬਦੀਲ ਕਰ ਦਿੱਤਾ ਗਿਆ। ਇਸ ਪਿੱਛੋਂ ਜੱਜ ਦੇ ਬੈਂਚ ਦੇ ਉੱਪਰ ਇੱਕ ਵੱਡਾ ਕਰਾਸ ਲਟਕਾਇਆ ਗਿਆ ਸੀ। ਉਦੋਂ ਤੋਂ ਬਾਵੇਰੀਅਨ ਨਿਆਂ ਪ੍ਰਣਾਲੀ ਇਸਦੀ ਵਰਤੋਂ ਅਦਾਲਤੀ ਸੁਣਵਾਈਆਂ ਕਰਨ ਲਈ ਕਰ ਰਹੀ ਹੈ।

ਨੂਰਮਬਰਗ ਟ੍ਰਾਇਲਸ ਦੇ ਇਤਿਹਾਸ ਦਾ ਅਜਾਇਬ ਘਰ ਪੈਲੇਸ ਆਫ਼ ਜਸਟਿਸ 2010 ਵਿੱਚ ਖੋਲ੍ਹਿਆ ਗਿਆ ਸੀ। ਮਿਊਜ਼ੀਅਮ ਬਣਾਉਣ 'ਤੇ 4.2 ਮਿਲੀਅਨ ਯੂਰੋ ਖਰਚ ਕੀਤੇ ਗਏ ਸਨ। ਬਾਵੇਰੀਆ ਦੀ ਰਾਜ ਸਰਕਾਰ ਅਤੇ ਜਰਮਨੀ ਦੀ ਸੰਘੀ ਸਰਕਾਰ ਵੱਲੋਂ ਫੰਡ ਪ੍ਰਦਾਨ ਕੀਤੇ ਗਏ ਸਨ।

## ਪੈਲੇਸ ਡੀ ਜਸਟਿਸ (ਪੈਰਿਸ, ਫਰਾਂਸ)

ਪੈਰਿਸ ਦੀਆਂ ਸਾਰੀਆਂ ਥਾਵਾਂ ਵਿੱਚੋਂ ਪੈਲੇਸ ਆਫ਼ ਜਸਟਿਸ ਵਿਸ਼ੇਸ਼ ਧਿਆਨ ਦਾ ਹੱਕਦਾਰ ਹੈ। ਇਹ 4 ਹੈਕਟੇਅਰ ਦੇ ਖੇਤਰ ਦੇ ਨਾਲ ਇੱਕ ਵੱਖਰੇ ਜ਼ਿਲ੍ਹੇ 'ਤੇ ਕਬਜ਼ਾ ਕਰਦਾ ਹੈ, ਜੋ ਟਾਪੂ ਦਾ ਲਗਭਗ ਅੱਧਾ ਹਿੱਸਾ ਬਣਾਉਂਦਾ ਹੈ। ਇੱਥੇ, ਕਈ ਇਮਾਰਤਾਂ ਵਿੱਚ, ਜੋ ਇੱਕ ਵੱਖਰਾ ਮਹਿਲ ਕੰਪਲੈਕਸ ਹੈ। ਇੱਥੇ ਕੈਸੇਸ਼ਨ ਤੇ ਅਪੀਲ ਦੀ ਅਦਾਲਤ ਅਤੇ ਨਾਲ ਹੀ ਕਈ ਵਿਭਾਗੀ ਸੰਸਥਾਵਾਂ ਸਥਿਤ ਹਨ।

ਫਰਾਂਸ ਦੇ ਗਠਨ ਤੋਂ ਲੈ ਕੇ ਚਾਰ ਸਦੀਆਂ ਤੱਕ ਇੱਥੇ ਸੀਟ ਪੈਲੇਸ ਸੀ, ਜੋ ਫਰਾਂਸੀਸੀ ਰਾਜਿਆਂ ਦਾ ਨਿਵਾਸ ਸੀ। ਚਾਰਲਸ ਪੰਜਵਾਂ ਇੱਥੇ ਰਹਿਣ ਵਾਲਾ ਆਖਰੀ ਬਾਦਸ਼ਾਹ ਸੀ। ਉਸਦੇ ਬਾਅਦ ਰਿਹਾਇਸ਼ ਨੂੰ ਹੋਟਲ ਸੇਂਟ ਪਾਲ ਅਤੇ ਫਿਰ ਲੂਵਰ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਅੱਜ ਫਰਾਂਸ ਦੀ ਸਮੁੱਚੀ ਨਿਆਂ ਪ੍ਰਣਾਲੀ ਇੱਥੇ ਕੇਂਦਰਿਤ ਹੈ, ਜਿਸ ਨੂੰ ਸ਼ਹਿਰ ਦੇ ਅੰਦਰ ਇੱਕ ਹੋਰ ਸ਼ਹਿਰ ਕਿਹਾ ਜਾ ਸਕਦਾ ਹੈ। ਇੱਥੋਂ ਤੱਕ ਕਿ ਇਸਦੀ ਆਪਣੀ ਅਪਰਾਧਿਕ ਪੁਲਿਸ ਵੀ ਹੈ। ਪੈਲੇਸ ਡੀ ਜਸਟਿਸ 13ਵੀਂ-20ਵੀਂ ਸਦੀ ਦੀਆਂ ਆਰਕੀਟੈਕਚਰਲ ਸ਼ੈਲੀਆਂ ਦਾ ਇੱਕ ਜੈਵਿਕ ਮਿਸ਼ਰਣ ਹੈ।

## ਅੰਤਰਰਾਸ਼ਟਰੀ ਅਦਾਲਤ (ਹੇਗ, ਨੀਦਰਲੈਂਡ)


ਪੀਸ ਪੈਲੇਸ, ਜੋ ਸੰਯੁਕਤ ਰਾਸ਼ਟਰ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ ਅਤੇ ਸਥਾਈ ਅਦਾਲਤ ਦੀ ਸਰਕਾਰੀ ਰਿਹਾਇਸ਼ ਹੈ, ਨੂੰ 20ਵੀਂ ਸਦੀ ਦੇ ਸ਼ੁਰੂ ਵਿੱਚ ਅਮਰੀਕੀ ਉਦਯੋਗਪਤੀ ਐਂਡਰਿਊ ਕਾਰਨੇਗੀ ਦੇ ਦਾਨ ਨਾਲ ਬਣਾਇਆ ਗਿਆ ਸੀ। ਇਹ 7 ਹੈਕਟੇਅਰ ਪਾਰਕ ਦੇ ਕੇਂਦਰ ਵਿੱਚ ਸਥਿਤ ਹੈ। ਇਮਾਰਤ ਦੀ ਇੱਕ ਪਛਾਣਯੋਗ ਵਿਸ਼ੇਸ਼ਤਾ 80 ਮੀਟਰ ਉੱਚਾ ਘੜੀ ਟਾਵਰ ਹੈ।

ਇਸ ਵਿੱਚ ਜਨਤਕ ਅੰਤਰਰਾਸ਼ਟਰੀ ਕਾਨੂੰਨ ਬਾਰੇ ਦੁਨੀਆਂ ਦੀਆਂ ਸਭ ਤੋਂ ਵੱਡੀਆਂ ਲਾਇਬ੍ਰੇਰੀਆਂ ਵਿੱਚੋਂ ਇੱਕ ਹੈ, ਨਾਲ ਹੀ ਅੰਤਰਰਾਸ਼ਟਰੀ ਅਦਾਲਤ ਦੇ ਇਤਿਹਾਸ ਤੇ ਗਤੀਵਿਧੀਆਂ ਦਾ ਅਜਾਇਬ ਘਰ ਅਤੇ ਮਹਿਲ ਵਿੱਚ ਕੰਮ ਕਰਨ ਵਾਲੀਆਂ ਹੋਰ ਸੰਸਥਾਵਾਂ ਹਨ। ਅੰਦਰੂਨੀ ਤੱਤ ਲੱਕੜ ਦੀਆਂ ਮੂਰਤੀਆਂ, ਰੰਗੀਨ ਕੱਚ ਦੀਆਂ ਖਿੜਕੀਆਂ, ਮੋਜ਼ੇਕ, ਟੇਪੇਸਟ੍ਰੀਜ਼ ਅਤੇ ਕਲਾ ਦੇ ਹੋਰ ਟੁਕੜੇ ਹਨ, ਜੋ ਦੋ ਹੇਗ ਕਾਨਫਰੰਸਾਂ ਵਿੱਚ ਹਿੱਸਾ ਲੈਣ ਵਾਲੇ ਦੇਸ਼ਾਂ ਦੁਆਰਾ ਦਾਨ ਕੀਤੇ ਗਏ ਹਨ ਤੇ ਵਿਸ਼ਵ ਸਭਿਆਚਾਰਾਂ ਦੀ ਵਿਭਿੰਨਤਾ ਦਾ ਪ੍ਰਤੀਕ ਹਨ।

## ਭਾਰਤ ਦੀ ਸੁਪਰੀਮ ਕੋਰਟ


ਭਾਰਤ ਦੀ ਸੁਪਰੀਮ ਕੋਰਟ ਭਾਰਤ ਦੇ ਗਣਰਾਜ ਦੀ ਸਰਵਉੱਚ ਨਿਆਂਇਕ ਅਥਾਰਟੀ ਅਤੇ ਸਰਵਉੱਚ ਅਦਾਲਤ ਹੈ। ਇਹ 26 ਜਨਵਰੀ 1950 ਨੂੰ ਹੋਂਦ ਵਿੱਚ ਆਈ ਅਤੇ ਇਹ ਤਿਲਕ ਮਾਰਗ, ਨਵੀਂ ਦਿੱਲੀ 'ਤੇ ਸਥਿਤ ਹੈ। ਇਸ ਵਿੱਚ 27.6 ਮੀਟਰ ਉੱਚਾ ਗੁੰਬਦ ਅਤੇ ਇੱਕ ਵਿਸ਼ਾਲ ਕਾਲੋਨੇਡ ਵਰਾਂਡਾ ਹੈ। ਸੁਪਰੀਮ ਕੋਰਟ ਭਾਰਤ ਵਿੱਚ ਸਾਰੇ ਸਿਵਲ ਅਤੇ ਫੌਜਦਾਰੀ ਕੇਸਾਂ ਲਈ ਅਪੀਲ ਦੀ ਅੰਤਿਮ ਅਦਾਲਤ ਹੈ। ਇਸ ਕੋਲ ਨਿਆਂਇਕ ਸਮੀਖਿਆ ਦੀ ਸ਼ਕਤੀ ਵੀ ਹੈ। ਸੁਪਰੀਮ ਕੋਰਟ, ਜਿਸ ਵਿੱਚ ਭਾਰਤ ਦੇ ਚੀਫ਼ ਜਸਟਿਸ ਅਤੇ ਵੱਧ ਤੋਂ ਵੱਧ 33 ਸਾਥੀ ਜੱਜ ਸ਼ਾਮਲ ਹੁੰਦੇ ਹਨ, ਜਿਨ੍ਹਾਂ ਕੋਲ ਮੂਲ, ਅਪੀਲੀ ਅਤੇ ਸਲਾਹਕਾਰੀ ਅਧਿਕਾਰ ਖੇਤਰਾਂ ਦੇ ਰੂਪ ਵਿੱਚ ਵਿਆਪਕ ਸ਼ਕਤੀਆਂ ਹੁੰਦੀਆਂ ਹਨ। ਇਸ ਦੇ ਫੈਸਲੇ ਹੋਰ ਭਾਰਤੀ ਅਦਾਲਤਾਂ ਦੇ ਨਾਲ-ਨਾਲ ਕੇਂਦਰ ਅਤੇ ਰਾਜ ਸਰਕਾਰਾਂ 'ਤੇ ਪਾਬੰਦ ਹਨ।

ਸਿਖਰਲੀ ਸੰਵਿਧਾਨਕ ਅਦਾਲਤ ਹੋਣ ਦੇ ਨਾਤੇ ਇਹ ਮੁੱਖ ਤੌਰ 'ਤੇ ਵੱਖ-ਵੱਖ ਰਾਜਾਂ ਦੀਆਂ ਹਾਈ ਕੋਰਟਾਂ ਅਤੇ ਟ੍ਰਿਬਿਊਨਲਾਂ ਦੇ ਫੈਸਲਿਆਂ ਵਿਰੁੱਧ ਅਪੀਲਾਂ ਦਾ ਨਿਪਟਾਰਾ ਕਰਦੀ ਹੈ। ਇੱਕ ਸਲਾਹਕਾਰ ਅਦਾਲਤ ਦੇ ਰੂਪ ਵਿੱਚ ਇਹ ਉਨ੍ਹਾਂ ਮਾਮਲਿਆਂ ਦੀ ਸੁਣਵਾਈ ਕਰਦੀ ਹੈ, ਜਿਨ੍ਹਾਂ ਦਾ ਭਾਰਤ ਦੇ ਰਾਸ਼ਟਰਪਤੀ ਦੁਆਰਾ ਹਵਾਲਾ ਦਿੱਤਾ ਜਾਂਦਾ ਹੈ।



# ਗੁਰੂ ਕਾਲ ਸਮੇਂ ਦੇ ਮੁਸਲਮਾਨ ਸ਼ਰਧਾਲੂ

**"ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਵਲੋਂ ਲਿਖੀ ਗਈ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਲੇਖਕ ਅਨੁਸਾਰ ਇਸ ਵਿਸ਼ੇ ਸਬੰਧੀ ਪਹਿਲਾਂ ਪ੍ਰਕਾਸ਼ਿਤ**




**ਪੁਸਤਕਾਂ ਵਿੱਚੋਂ ਹਵਾਲੇ ਦੇਣ ਦੀ ਥਾਂ ਉਸ ਨੇ ਸਬੰਧਤ ਸਮੁੱਚੀਆਂ ਥਾਂਵਾਂ ਉਤੇ ਜਾ ਕੇ ਵੇਰਵੇ ਇਕੱਤਰ ਕੀਤੇ ਹਨ। ਉਹ ਹੁਣ ਤੱਕ 19 ਪੁਸਤਕਾਂ ਲਿਖ ਚੁੱਕਾ ਹੈ। ਅਸੀਂ ਸੁਹਿਰਦ ਪਾਠਕਾਂ ਲਈ "ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੂੰ ਉੱਥੋਂ ਉਸ ਨੇ ਵਾਪਸੀ ਬੜੀ ਵੱਡੀ ਫੌਜ ਨਾਲ ਕੀਤੀ ਤੇ ਹਿੰਦੁਸਤਾਨ ਨੂੰ ਫ਼ਤਿਹ ਕਰ ਲਿਆ।**

**ਅਲੀ ਰਾਜਪੁਰਾ**
**ਫੋਨ:+91-9417679302**



## ਮੀਆਂ ਮਿੱਠਾ

ਮੀਆਂ ਮਿੱਠਾ ਨੇ ਜਿਸ ਮਿਠਾਸ ਨਾਲ ਇਸਲਾਮ ਦਾ ਪ੍ਰਚਾਰ ਕੀਤਾ, ਉਸ ਤਰ੍ਹਾਂ ਦਾ ਬਹੁਤ ਘੱਟ ਜਣਿਆਂ ਦੇ ਹਿੱਸੇ ਆਇਆ ਹੈ। ਮੀਆਂ ਮਿੱਠਾ ਪਸ਼ਰੂਰ ਦਾ ਮਸ਼ਹੂਰ, ਪੁੱਜਿਆ ਹੋਇਆ ਫ਼ਕੀਰ ਸੀ। ਜਦੋਂ ਗੁਰੂ ਨਾਨਕ ਦੇਵ ਜੀ ਪਸ਼ਰੂਰ ਗਏ ਤਾਂ ਮੀਆਂ ਮਿੱਠਾ ਨਾਲ ਲੰਮੀ ਵਿਚਾਰ ਚਰਚਾ ਹੋਈ ਸੀ। ਉਦੋਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਮੁਸਲਮਾਨਾਂ ਨੂੰ ਚਾਹੀਦਾ ਹੈ, ਇਨਸਾਨੀਅਤ ਨੂੰ ਮਸਜਿਦ ਅਤੇ ਸਿਦਕ ਦਿਲੀ ਨੂੰ ਇਮਾਨ ਅਤੇ ਹੱਕ ਹਲਾਲ ਦੀ ਕਮਾਈ ਨੂੰ ਕੁਰਾਨ-ਏ-ਪਾਕ ਵਾਂਗ ਮਹੱਤਤਾ ਦੇਣੀ ਚਾਹੀਦੀ ਹੈ। ਦਸਾਂ ਨੌਹਾਂ ਦੀ ਕਿਰਤ ਨੂੰ ਸੁੰਨਤ ਕਰਵਾਉਣ ਵਾਂਗ ਸਮਝਣਾ ਬਣਦਾ ਹੈ। ਆਪਣੇ ਫਰਜ਼ਾਂ ਨੂੰ ਨਿਭਾਉਣਾ ਰਮਜ਼ਾਨ ਦੇ ਮਹੀਨੇ ਰੋਜ਼ਾ ਰੱਖਣ ਦੀ ਤਰ੍ਹਾਂ ਜ਼ਰੂਰੀ ਸਮਝਣਾ ਚਾਹੀਦਾ ਹੈ। ਨੇਕ ਅਮਲਾਂ ਨੂੰ ਕਲਮਾ, ਮੁਰਸ਼ਦ ਤੇ ਨਮਾਜ਼ ਵਾਂਗ ਸਮਝਣਾ ਚਾਹੀਦਾ ਹੈ। ਮੀਆਂ ਮਿੱਠਾ ਇਸ ਵਿਚਾਰਧਾਰਾ ਤੋਂ ਇੰਨਾ ਪ੍ਰਭਾਵਿਤ ਹੋਇਆ ਤੇ ਗੁਰੂ ਨਾਨਕ ਦੇਵ ਜੀ ਦਾ ਪੱਕਾ ਸ਼ਰਧਾਲੂ ਬਣ ਗਿਆ।

## ਅੱਲਾ ਯਾਰ ਖ਼ਾਂ

ਅੱਲਾ ਯਾਰ ਖ਼ਾਂ ਕਾਬੁਲ ਤੇ ਦਿੱਲੀ ਵਿੱਚ ਘੋੜਿਆਂ ਦਾ ਵਪਾਰ ਕਰਦਾ ਸੀ। ਉਂਝ ਉਹ ਰਹਿਣ ਵਾਲ਼ਾ ਦਿੱਲੀ ਦਾ ਸੀ। ਇਹ ਪੰਜਾਬ ਤੋਂ ਘੋੜੇ ਖਰੀਦ ਕੇ ਦੂਜੇ ਦੇਸ਼ਾਂ ਨੂੰ ਜਾਂਦਾ ਸੀ। ਪਿੰਡ ਡੱਲਾ (ਕਪੂਰਥਲਾ) ਦੇ ਰਹਿਣ ਵਾਲ਼ੇ ਭਾਈ ਪਾਰੋ ਪਾਸੋਂ ਗੁਰੂ ਅਮਰਦਾਸ ਜੀ ਦੀ ਮਹਿਮਾ ਸੁਣਦਾ। ਭਾਈ ਪਾਰੋ ਨਾਲ ਗੁਰੂ ਅਮਰਦਾਸ ਜੀ ਦੇ ਦਰਬਾਰ ਗੋਇੰਦਵਾਲ ਵਿਖੇ ਹਾਜ਼ਰ ਹੋਇਆ। ਪਹਿਲੀ ਵਾਰ ਗੁਰੂ ਜੀ ਦੇ ਦਰਸ਼ਨ ਕਰਕੇ ਉਹ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਗੁਰੂ ਸਾਹਿਬ ਤੋਂ ਸਿੱਖੀ ਦੀ ਦਾਤ ਮੰਗ ਲਈ। ਗੁਰੂ ਜੀ ਨੇ ਬਚਨ ਕੀਤਾ ਕਿ "ਅੱਲਾ ਯਾਰ ਖ਼ਾਂ, ਅੱਲ੍ਹਾ ਦਾ ਯਾਰ ਹੋਣਾ ਔਖਾ ਹੈ। ਇਹ ਯਾਰੀ ਬਿਨਾ ਬੰਦਗੀ ਹਾਸਲ ਨਹੀਂ ਹੁੰਦੀ। ਲੋਭ, ਮੋਹ, ਕਾਮ, ਤਿਆਗ ਕੇ ਹਾਸਲ ਹੁੰਦੀ ਹੈ...।" ਏਨਾ ਸੁਣ ਕੇ ਅੱਲਾ ਯਾਰ ਖ਼ਾਂ ਬੋਲਿਆ, "ਗੁਰੂ ਜੀ ਤੁਸੀਂ ਮੈਨੂੰ ਅੱਲਾ ਦਾ ਬੰਦਾ ਜਾਣ ਕੇ ਆਪਣਾ ਸੇਵਕ ਰੱਖ ਲਓ।" ਗੁਰੂ ਜੀ ਨੇ ਉਸ ਦੇ ਸਿਰ 'ਤੇ ਹੱਥ ਰੱਖ ਕੇ ਹਾਮੀ ਭਰੀ ਤੇ ਉਹ ਗੁਰੂ ਜੀ ਦਾ ਸਿੱਖ ਬਣ ਕੇ ਗੁਰੂ ਅਮਰਦਾਸ ਜੀ ਕੋਲ਼ ਰਹਿ ਗਿਆ। ਗੁਰੂ ਜੀ ਨੇ ਅੱਲਾ ਯਾਰ ਖ਼ਾਂ ਨੂੰ ਸਿੱਖੀ ਪ੍ਰਚਾਰ ਦੀ ਸੇਵਾ ਸੌਂਪੀ। ਅੰਤਿਮ ਸਾਹ ਤੀਕ ਇਹ ਗੁਰੂ ਘਰ ਨਾਲ ਜੁੜਿਆ ਰਿਹਾ ਤੇ ਆਪਣੀ ਸਾਰੀ ਜ਼ਿੰਦਗੀ ਧਰਮ ਪ੍ਰਚਾਰ ਕਰਦਿਆਂ ਗੁਰੂ ਘਰ ਦੇ ਲੇਖੇ ਲਾਈ।

## ਸ਼ਾਹ ਹੁਸੈਨ

ਗੋਇੰਦਵਾਲ ਦੇ ਨੇੜਲੇ ਪਿੰਡ ਮਿਆਣੀ ਦਾ ਰਹਿਣ ਵਾਲ਼ਾ ਸੀ ਸ਼ਾਹ ਹੁਸੈਨ। ਉਂਝ ਇਸ ਨੂੰ ਸਾਰੇ ਕਰਨੀ ਵਾਲ਼ਾ ਫ਼ਕੀਰ ਮੰਨਦੇ ਸਨ। ਜਦੋਂ ਇਸ ਦਾ ਗੁਰੂ ਅਮਰਦਾਸ ਜੀ ਨਾਲ ਮੇਲ ਹੋਇਆ ਤਾਂ ਗੁਰੂ ਜੀ ਨੇ ਉਸ ਨੂੰ ਕਰਾਮਾਤਾਂ ਦਿਖਾਉਣੋਂ ਰੋਕਿਆ ਤੇ ਇਕਾਗਰ ਚਿੱਤ ਹੋ ਕੇ ਰੱਬ-ਅੱਲ੍ਹਾ ਪਾਕ ਦੀ ਬੰਦਗੀ ਕਰਨ ਲਈ ਸਲਾਹ ਦਿੱਤੀ। ਇਸ ਨੇ ਗੁਰੂ ਜੀ ਦੇ ਬਚਨਾਂ 'ਤੇ ਫੁੱਲ ਚੜ੍ਹਾਏ ਅਤੇ ਉਸੇ ਦਿਨੋਂ ਹੀ ਕਰਾਮਾਤਾਂ ਵਾਲਾ ਰਾਹ ਛੱਡ ਕੇ ਅੱਲ੍ਹਾ ਦੀ ਬੰਦਗੀ ਵਿੱਚ ਜੀਵਨ ਬਤੀਤ ਕਰਨ ਲੱਗਾ ਤੇ ਸਾਰੇ ਧਰਮਾਂ ਦਾ ਸਤਿਕਾਰ ਕਰਨ ਲੱਗਾ। ਸ਼ਾਹ ਹੁਸੈਨ ਜ਼ਰੀਏ ਹੀ ਉਨ੍ਹਾਂ ਦੇ ਦੋ ਭਰਾ ਬਾਬਾ ਸੰਦੋਲਾ ਜੀ ਤੇ ਬਾਬਾ ਸ਼ਾਹ ਗ਼ਰੀਬ ਜੀ, ਗੁਰੂ ਜੀ ਦੇ ਸੰਪਰਕ ਵਿੱਚ ਆਏ, ਜਿਨ੍ਹਾਂ ਨੇ ਸਿੱਖੀ ਗ੍ਰਹਿਣ ਕੀਤੀ।

## ਬਾਦਸ਼ਾਹ ਅਕਬਰ

ਅਮਰਕੋਟ ਸਿੰਧ ਵਿੱਚ "ਹਮਾਯੂੰ" ਦੇ ਘਰ 23 ਜਨਵਰੀ 1542 ਈ. ਨੂੰ ਅਕਬਰ ਦਾ ਜਨਮ ਹੋਇਆ। ਉਹ ਛੋਟੀ ਉਮਰ ਵਿੱਚ ਹੀ ਅਕਬਰ ਬਾਦਸ਼ਾਹ ਬਣ ਗਿਆ ਸੀ। ਅਕਬਰ ਦਾ ਪ੍ਰਜਾ ਵਿੱਚ ਚੰਗਾ ਪ੍ਰਭਾਵ ਰਿਹਾ। ਬੇਸ਼ਕ ਉਸ ਨੇ ਵੱਖਰੇ ਧਰਮ ਦੀਨ-ਏ-ਇਲਾਹੀ ਦੀ ਸਥਾਪਨਾ ਕੀਤੀ, ਪਰ ਫੇਰ ਵੀ ਇਹ ਦੂਸਰੇ ਧਰਮਾਂ ਨੂੰ ਦਿਲੋਂ ਸਤਿਕਾਰਦਾ ਸੀ। ਜਦੋਂ 14 ਫਰਵਰੀ 1556 ਈ. ਨੂੰ ਇਹ ਬਾਦਸ਼ਾਹ ਬਣਿਆ, ਉਸ ਸਮੇਂ ਅਕਬਰ ਨੇ ਗੁਰੂ ਅਮਰਦਾਸ ਜੀ ਦੀ ਲਾਹੌਰ ਵਿੱਚ ਮਹਿਮਾ ਸੁਣੀ ਸੀ। ਇਕ ਵਾਰ ਜਦੋਂ ਅਕਬਰ ਬਟਾਲੇ ਤੋਂ ਵਾਪਿਸ ਆਗਰਾ ਜਾ ਰਿਹਾ ਸੀ ਤਾਂ ਉਸ ਨੂੰ ਗੁਰੂ ਅਮਰਦਾਸ ਜੀ ਦੇ ਗੋਇੰਦਵਾਲ ਹੋਣ ਬਾਰੇ ਪਤਾ ਲੱਗਿਆ ਤਾਂ ਉਹ ਦਰਸ਼ਨਾਂ ਲਈ ਦਰਬਾਰ 'ਚ ਜਾ ਹਾਜ਼ਰ ਹੋਇਆ। ਅਕਬਰ ਨੇ ਪੁੱਤਰ ਦੀ ਦਾਤ ਮੰਗੀ ਅਤੇ ਸੰਗਤ ਵਿੱਚ ਬੈਠ ਕੇ ਪ੍ਰਸ਼ਾਦਾ-ਪਾਣੀ ਛਕਿਆ। ਅਕਬਰ ਇੱਕੋ ਮਿਲਣੀ ਵਿੱਚ ਗੁਰੂ ਜੀ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਲੰਗਰ ਦੇ ਨਾਂ ਵੱਡੀ ਜਗੀਰ ਲਾਉਣ ਦੀ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਕਿਹਾ ਕਿ ਲੰਗਰ ਸੰਗਤਾਂ ਹੀ ਚਲਾਉਣਗੀਆਂ, ਇੱਥੇ ਜਗੀਰਾਂ ਆ ਗਈਆਂ ਤਾਂ ਬਖੇੜੇ ਪੈਣਗੇ।

ਘਰ ਪੁੱਤਰ ਹੋਣ ਤੋਂ ਬਾਅਦ ਅਕਬਰ ਸ਼ੁਕਰਾਨਾ ਕਰਨ ਨਹੀਂ ਪਹੁੰਚ ਸਕਿਆ। ਇਸ ਲਈ ਜਦੋਂ ਉਹ ਕਾਬਲ ਵੱਲੋਂ ਆ ਰਿਹਾ ਸੀ ਤਾਂ ਇਸ ਦੇ ਮਨ 'ਚ ਖ਼ਿਆਲ ਆਇਆ ਕਿ ਗੁਰੂ ਜੀ ਦੇ ਦਰਸ਼ਨ ਤੇ ਧੰਨਵਾਦ ਕਰਨਾ ਚਾਹੀਦਾ ਹੈ। ਅਕਬਰ ਨੇ ਗੁਰੂ ਜੀ ਨੂੰ 101 ਮੋਹਰਾਂ ਰੱਖ ਕੇ ਮੱਥਾ ਟੇਕਿਆ। ਗੁਰੂ ਅਰਜਨ ਦੇਵ ਜੀ ਨੇ ਉਹ ਮੋਹਰਾਂ ਗ਼ਰੀਬਾਂ, ਲੋੜਵੰਦਾਂ ਨੂੰ ਵੰਡ ਦਿੱਤੀਆਂ। ਅਕਬਰ ਨੇ ਖੁਸ਼ ਹੋ ਕੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੈਂ ਦਰਜਨ ਪਿੰਡਾਂ ਦੀ ਜਗੀਰ ਗੁਰੂ ਘਰ ਦੇ ਨਾਮ ਕਰਵਾਉਣਾ ਚਾਹੁੰਦਾ ਹਾਂ, ਕਿਉਂਕਿ ਗੁਰੂ ਦੀ ਮਿਹਰ ਸਦਕਾ ਮੇਰੇ ਘਰ ਪੁੱਤਰ ਦੀ ਬਖ਼ਸ਼ਿਸ਼ ਹੋਈ ਹੈ ਤੇ ਮੈਂ ਪਹਿਲਾਂ ਗੁਰੂ ਅਮਰਦਾਸ ਜੀ ਨੂੰ ਵੀ ਇਹੋ ਬੇਨਤੀ ਕੀਤੀ ਸੀ।

ਇਸੇ ਤਰ੍ਹਾਂ ਕਲਾਨੌਰ ਦਾ ਰਹਿਣ ਵਾਲ਼ਾ 'ਕਾਹਨਾ' ਸੀ। ਜਦੋਂ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾ ਰਹੇ ਸਨ ਤਾਂ ਕਈ ਭਗਤ ਉਸ ਦੀ ਅਗਵਾਈ ਹੇਠ ਗੁਰੂ ਜੀ ਕੋਲ ਹਾਜ਼ਰ ਹੋਏ ਕਿ ਉਨ੍ਹਾਂ ਦੀਆਂ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੀਆਂ ਜਾਣ। ਗੁਰੂ ਅਰਜਨ ਦੇਵ ਜੀ ਨੇ ਜਦੋਂ ਉਨ੍ਹਾਂ ਰਚਨਾਵਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਨੁਕੂਲ ਨਾ ਹੁੰਦਿਆਂ ਦੇਖ ਕੇ ਬੀੜ ਸਾਹਿਬ ਵਿੱਚ ਦਰਜ ਕਰਨੋਂ ਇਨਕਾਰ ਕਰ ਦਿੱਤਾ। ਕਾਹਨਾ ਨੇ ਆਪਣੀ ਹੇਠੀ ਮਹਿਸੂਸ ਕੀਤੀ ਤੇ ਇਸੇ ਰੜਕ ਕਰਕੇ ਉਹ ਅਕਬਰ ਦੇ ਕੰਨ ਭਰਨ ਦੀ ਤਿਆਰੀ ਕਰਨ ਲੱਗਿਆ। ਅਚਾਨਕ ਉਸ ਦੀ ਮੌਤ ਹੋ ਗਈ। ਉਨ੍ਹਾਂ ਦੇ ਭਗਤਾਂ ਨੇ ਇਸ ਗੱਲ ਦੀ ਅਫ਼ਵਾਹ ਉਡਾ ਦਿੱਤੀ ਕਿ ਕਾਹਨਾ ਨੂੰ ਗੁਰੂ ਜੀ ਨੇ ਮਰਵਾਇਆ ਹੈ। ਉਨ੍ਹਾਂ ਭਗਤਾਂ 'ਚੋਂ ਇਕ ਨੇ ਸ਼ਿਕਾਇਤਨਾਮਾ ਤਿਆਰ ਕਰਕੇ ਅਕਬਰ ਦੇ ਦਰਬਾਰ ਜਾ ਪੁੱਜਿਆ ਕਿ ਗੁਰੂ ਅਰਜਨ ਦੇਵ ਇਕ ਗ੍ਰੰਥ ਤਿਆਰ ਕਰ ਰਹੇ ਹਨ, ਜਿਸ ਵਿੱਚ ਮੁਸਲਮਾਨਾਂ, ਪੀਰ-ਪੈਗ਼ੰਬਰਾਂ ਅਤੇ ਹਿੰਦੂ ਦੇਵੀ-ਦੇਵਤਿਆਂ ਦੀ ਆਲੋਚਨਾ ਤੇ ਮਜ਼ਾਕ ਉਡਾਇਆ ਗਿਆ ਹੈ। ਅਕਬਰ ਨੇ ਇਸ ਸ਼ਿਕਾਇਤਨਾਮੇ 'ਤੇ ਕੋਈ ਕਾਰਵਾਈ ਨਾ ਕੀਤੀ, ਕਿਉਂਕਿ ਕੁਝ ਵਰ੍ਹੇ ਪਹਿਲਾਂ ਗੋਇੰਦਵਾਲ ਵਿਖੇ ਗੁਰੂ ਅਰਜਨ ਦੇਵ ਜੀ ਦੇ ਮੂੰਹੋਂ ਅਕਬਰ ਬਾਣੀ ਸੁਣ ਚੁੱਕਿਆ ਸੀ। ਉਨ੍ਹਾਂ ਦਾ ਦਿਲ ਰੱਖਣ ਲਈ ਅਕਬਰ ਨੇ ਇਹ ਕਹਿ ਕੇ ਟਾਲ ਦਿੱਤਾ ਕਿ ਉਹ ਜਲਦੀ ਪੰਜਾਬ ਦੇ ਦੌਰੇ ਉੱਤੇ ਆ ਰਿਹਾ ਹੈ ਤੇ ਉਹ ਆਪ ਪੜਤਾਲ ਕਰੇਗਾ। 1605 ਈ. ਵਿੱਚ ਜਦੋਂ ਅਕਬਰ ਬਟਾਲੇ ਆਇਆ ਤਾਂ ਉਸ ਨੇ ਆਦਰ ਸਹਿਤ ਸੁਨੇਹਾ ਭੇਜ ਕੇ ਮਿਲਣ ਲਈ ਕਿਹਾ ਤੇ ਇੱਛਾ ਜਤਾਈ ਕਿ ਉਹ ਗੁਰੂ ਜੀ ਦੁਆਰਾ ਤਿਆਰ ਕੀਤੇ ਗ੍ਰੰਥ ਸਾਹਿਬ ਦੇ ਦਰਸ਼ਨ ਕਰਨੇ ਲੋਚਦਾ ਹੈ।

ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਸਤਿਕਾਰ ਨਾਲ ਸੰਗਤਾਂ ਸਮੇਤ ਗੁਰੂ ਗ੍ਰੰਥ ਸਾਹਿਬ ਦੀ ਬੀੜ ਲੈ ਕੇ ਅਕਬਰ ਦੇ ਦਰਬਾਰ ਹਾਜ਼ਰ ਹੋਏ। ਅਕਬਰ ਨੇ ਭਰੇ ਦਰਬਾਰ ਅੰਦਰ ਗੁਰੂ ਗ੍ਰੰਥ ਸਾਹਿਬ 'ਚੋਂ ਸ਼ਬਦ ਸੁਣਾਉਣ ਲਈ ਕਿਹਾ, ਵਾਕ "ਤਿਲੰਗ ਰਾਗੁ" ਵਿਚੋਂ ਆਇਆ, ਜੋ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ:

ਖਾਕ ਨੂਰ ਕਰਦੰ ਆਲਮ ਦੁਨੀਆਇ॥
ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ॥ 1॥
ਬੰਦੇ ਚਸਮ ਦੀਦੰ ਫਨਾਇ॥
ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ॥ ਰਹਾਉ॥ (ਅੰਗ 723)

ਅਲਹ ਅਗਮ ਖੁਦਾਈ ਬੰਦੇ॥
ਛੋਡਿ ਖਿਆਲ ਦੁਨੀਆ ਕੇ ਧੰਧੇ॥
ਹੋਇ ਪੈ ਖਾਕ ਫਕੀਰ ਮੁਸਾਫਰੁ



ਬਾਦਸ਼ਾਹ ਅਕਬਰ ਦਾ ਇੱਕ ਚਿੱਤਰ

ਇਹੁ ਦਰਵੇਸੁ ਕਬੂਲੁ ਦਰਾ॥ (ਅੰਗ 1083)

ਇਨ੍ਹਾਂ ਵਾਕਾਂ ਤੋਂ ਬਾਅਦ ਸੰਤ ਕਬੀਰ ਜੀ ਦਾ ਵਾਕ ਆਇਆ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥

ਬਾਦਸ਼ਾਹ ਅਕਬਰ ਇਨ੍ਹਾਂ ਵਾਕਾਂ ਨੂੰ ਸੁਣਦਾ ਹੀ ਆਪਣੇ ਸਿੰਘਾਸਣ ਤੋਂ ਉਤਰ ਆਇਆ ਤੇ ਉਸ ਨੇ 5 ਅਸ਼ਰਫੀਆਂ ਰੱਖ ਕੇ ਮੱਥਾ ਟੇਕਿਆ ਤੇ ਕਹਿਣ ਲੱਗਾ, "ਇਸ ਗ੍ਰੰਥ ਵਿੱਚ ਪ੍ਰਮਾਤਮਾ ਦੀ ਉਸਤਤ ਕੀਤੀ ਗਈ ਹੈ, ਮੈਨੂੰ ਤਾਂ ਕੁਝ ਕਿਸੇ ਧਰਮ ਵਿਰੁੱਧ ਨਜ਼ਰ ਨਹੀਂ ਆਇਆ, ਸਗੋਂ ਇਹ ਗ੍ਰੰਥ ਤਾਂ ਆਦਰ ਤੇ ਸਤਿਕਾਰਯੋਗ ਹੈ।" ਅਕਬਰ ਨੇ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਨੂੰ ਦੋਸ਼ਾਲੇ ਭੇਟ ਕਰਕੇ ਸਤਿਕਾਰ ਦਿੱਤਾ। ਭਾਈ ਗੁਰਦਾਸ ਜੀ ਨੂੰ ਕਿਹਾ ਕਿ ਮੇਰਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਤਿਕਾਰ ਦੇਣਾ ਤੇ ਕਹਿਣਾ ਕਿ ਮੈਂ ਲਾਹੌਰ ਤੋਂ ਮੁੜਦੇ ਵੇਲ਼ੇ ਅੰਮ੍ਰਿਤਸਰ ਸਾਹਿਬ ਆ ਕੇ ਦਰਸ਼ਨ ਕਰਾਂਗਾ।

ਅੰਗਰੇਜ਼ੀ ਦੇ ਵਿਦਵਾਨ ਲਿਖਦੇ ਹਨ ਕਿ ਅਕਬਰ ਨੇ ਲਗਭਗ 2 ਘੰਟੇ 27 ਮਿੰਟ ਗੁਰੂ ਅਮਰਦਾਸ ਜੀ ਨੂੰ ਕਥਾ ਕਰਦਿਆਂ ਸੁਣਿਆ।

⇒ ਬਾਕੀ ਅਗਲੇ ਅੰਕ ਵਿੱਚ

# ਪੰਥਕ ਮੁੱਦੇ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਪਹੁੰਚ

ਕਮਲਜੀਤ ਸਿੰਘ ਬਣਵੈਤ
ਫੋਨ: +91-98147-34035



ਦੇਸ਼ ਦੀ ਦੂਜੀ ਸਭ ਤੋਂ ਪੁਰਾਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਸ਼ਾਨਾਂ ਮੱਤਾ ਹੈ, ਪਰ ਇਸ ਨੂੰ ਦਹਾਕਿਆਂ ਤੋਂ ਨਿੱਤ ਨਵੀਆਂ ਚੁਣੌਤੀਆਂ ਨਾਲ ਸਿੱਝਣਾ ਪੈ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਲਈ ਅੰਦਰਲੀ ਬਗਾਵਤ ਵਾਰ ਵਾਰ ਵੱਡੀ ਚੁਣੌਤੀ ਬਣ ਕੇ ਉੱਭਰੀ ਹੈ। ਬਾਹਰੋਂ ਹਮਲੇ ਵੀ ਹੋਏ ਹਨ। ਬਾਵਜੂਦ ਇਸ ਦੇ, ਸ਼੍ਰੋਮਣੀ ਅਕਾਲੀ ਦਲ ਉੱਤੇ ਇੱਕ ਖੇਤਰੀ ਪਾਰਟੀ ਵਜੋਂ ਹਾਲੇ ਪੰਜਾਬੀਆਂ ਦੀ ਉਮੀਦ ਟਿਕੀ ਹੋਈ ਹੈ। ਪਿਛਲੀਆਂ ਦੋ ਵਾਰ ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਪੂਰੀ ਤਰ੍ਹਾਂ ਹਾਸ਼ੀਏ ਤੋਂ ਬਾਹਰ ਹੋ ਗਿਆ ਸੀ। ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਯੂਨੀਫਾਰਮ ਸਿਵਲ ਕੋਡ ਬਾਰੇ ਲਏ ਦਲੇਰਾਨਾ ਫੈਸਲੇ ਨਾਲ ਸ਼੍ਰੋਮਣੀ ਅਕਾਲੀ ਦਲ ਆਪਣਾ ਪੁਰਾਣਾ ਸ਼ਾਨਦਾਰ ਇਤਿਹਾਸ ਦੁਹਰਾਉਣ ਵਿੱਚ ਕਾਮਯਾਬ ਹੋ ਗਿਆ ਹੈ। ਭਾਰਤੀ ਜਨਤਾ ਪਾਰਟੀ ਨਾਲ ਮੁੜ ਤੋਂ ਜੁੜ ਰਹੀ ਸਾਂਝ ਵੀ ਤਿੜਕ ਗਈ ਲਗਦੀ ਹੈ। ਐੱਨ.ਡੀ.ਏ. ਨੇ ਆਪਣੀ ਮੀਟਿੰਗ ਵਿੱਚ ਇਸੇ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਸੱਦਾ ਨਹੀਂ ਭੇਜਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਯੂਨੀਫਾਰਮ ਸਿਵਲ ਕੋਡ ਬਾਰੇ ਸਿਰਫ਼ ਫੈਸਲਾ ਹੀ ਨਹੀਂ ਲਿਆ, ਸਗੋਂ ਆਪਣੀ ਲਿਖਤੀ ਅਸਹਿਮਤੀ ਵੀ ਪ੍ਰਗਟ ਕੀਤੀ ਹੈ। ਇਸ ਸਖਤ ਫ਼ੈਸਲੇ ਬਾਰੇ ਸ਼੍ਰੋਮਣੀ ਅਕਾਲੀ ਦਲ ਨੂੰ ਉਹੋ ਜਿਹਾ ਸਿੱਟਾ ਭੁਗਤਣਾ ਪਿਆ ਹੈ, ਜਿਵੇਂ ਸਾਂਝ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਲੈ ਕੇ ਟੁੱਟੀ ਸੀ।

ਅਸਲ ਵਿੱਚ 1920 ਨੂੰ ਹੋਂਦ ਵਿੱਚ ਆਏ ਸ਼੍ਰੋਮਣੀ ਅਕਾਲੀ ਦਲ ਵਿੱਚ ਬਗਾਵਤ 1980 ਤੋਂ ਹੀ ਸ਼ੁਰੂ ਹੋ ਗਈ ਸੀ। ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਹੁੰਦਿਆਂ ਪਹਿਲੀ ਵਾਰ ਤਰੇੜਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਤੋਂ ਬਾਅਦ ਪੈ ਗਈਆਂ ਸਨ। ਉਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 25 ਸਾਲ ਲਈ ਪ੍ਰਧਾਨ ਰਹੇ ਅਤੇ ਪ੍ਰਕਾਸ਼ ਸਿੰਘ ਬਾਦਲ ਦੇ ਸਭ ਤੋਂ ਨੇੜੇ ਸਾਥੀ ਗੁਰਚਰਨ ਸਿੰਘ ਟੌਹੜਾ ਸਾਥ ਛੱਡ ਗਏ ਸਨ ਤੇ ਉਨ੍ਹਾਂ ਨੇ ਆਪਣਾ ਨਵਾਂ ਅਕਾਲੀ ਦਲ ਖੜ੍ਹਾ ਕਰ ਲਿਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਵੀ ਕੁਝ ਸਾਲ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਗਏ ਸਨ। ਪਿੱਛੇ ਜਿਹੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਵੀ ਅੱਖਾਂ ਦਿਖਾ ਦਿੱਤੀਆਂ ਸਨ। ਇਸ ਤੋਂ ਬਿਨਾਂ ਅਕਾਲੀ ਦਲ ਯੂਨਾਈਟਿਡ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਅਕਾਲੀ ਦਲ 1920 ਅਤੇ ਅਕਾਲੀ ਦਲ ਟਕਸਾਲੀ ਵੀ ਹੋਂਦ ਵਿੱਚ ਆ ਚੁੱਕੇ ਹਨ, ਪਰ ਇਨ੍ਹਾਂ ਵਿਚੋਂ ਕੋਈ ਵੀ ਬਹੁਤਾ ਲੰਮਾ ਸਮਾਂ ਟਿਕ ਨਹੀਂ ਸਕਿਆ ਹੈ। ਪੰਜਾਬ ਦੀ ਸਿਆਸਤ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਹਾਲੇ ਕੋਈ ਹੋਰ ਪੰਥਕ ਬਦਲ ਸਾਹਮਣੇ ਨਹੀਂ ਆ ਸਕਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਕੁੱਝ ਦਿਨ ਪਹਿਲਾਂ ਆਂਗਨਵਾੜੀ ਵਰਕਰ ਯੂਨੀਅਨ ਦੀ ਸਾਬਕਾ ਪ੍ਰਧਾਨ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਇਸਤਰੀ ਵਿੰਗ ਦਾ ਪ੍ਰਧਾਨ ਬਣਾ ਦਿੱਤਾ ਗਿਆ ਹੈ। ਉਸ ਤੋਂ ਬਾਅਦ ਪਾਰਟੀ ਵਿੱਚ ਮੁੜ ਵਿਰੋਧ ਉਠ ਖੜ੍ਹਾ ਹੋਇਆ ਹੈ। ਦਲ ਵਿੱਚ ਪਾਰਟੀ ਅੰਦਰ ਸਭ ਅੱਛਾ ਨਹੀਂ ਦਾ ਸੰਕੇਤ ਉਦੋਂ ਹੀ ਮਿਲ ਗਿਆ ਸੀ, ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਚੰਡੀਗੜ੍ਹ ਸਥਿਤ ਦਫਤਰ ਵਿਚ ਇੱਕ ਸਮਾਗਮ ਦੌਰਾਨ ਬੀਬੀ ਹਰਗੋਬਿੰਦ ਕੌਰ ਨੂੰ ਪ੍ਰਧਾਨ ਐਲਾਨਿਆ ਗਿਆ ਸੀ। ਖਬਰਾਂ ਤਾਂ ਇਹ ਵੀ ਹਨ ਕਿ ਸ਼੍ਰੋਮਣੀ ਅਕਾਲੀ ਦਲ ਦੇ ਮਹਿਲਾ ਵਿੰਗ ਵਲੋਂ ਗੁਪਤ ਮੀਟਿੰਗਾਂ ਦਾ ਸਿਲਸਿਲਾ ਵੀ ਸ਼ੁਰੂ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਤੋਂ ਲਾਂਭੇ ਕਾਰਨ ਤੇ ਪਾਰਟੀ ਅੰਦਰ ਵਾਰ ਵਾਰ ਵਿਰੋਧ ਦੀ ਧੂਣੀ ਧੁਖ਼ਦੀ ਰਹੀ ਹੈ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਬਾਅਦ ਇਕਬਾਲ ਸਿੰਘ ਝੂੰਦਾ ਕਮੇਟੀ ਦੀ ਰਿਪੋਰਟ ਸਣੇ ਬਗਾਵਤ ਨੂੰ ਵਾਰ-ਵਾਰ ਦਬਾਉਣ ਵਿੱਚ ਕਾਮਯਾਬ ਹੁੰਦੇ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੀ ਇਸਤਰੀ ਵਿੰਗ ਦੇ ਪ੍ਰਧਾਨ ਦੀ ਨਿਯੁਕਤੀ ਦੇ ਫੈਸਲੇ ਨਾਲ ਨਜਿੱਠਣਾ ਵੀ ਇੰਨਾ ਅਸਾਨ ਨਹੀਂ ਹੋਵੇਗਾ। ਸ਼੍ਰੋਮਣੀ ਅਕਾਲੀ ਦਲ ਯੂਥ ਬੈਂਕ ਦੇ ਪ੍ਰਧਾਨ ਦੀ ਨਿਯੁਕਤੀ ਦਾ ਚਾਰੇ ਪਾਸੇ ਤੋਂ ਸਵਾਗਤ ਹੋਇਆ ਸੀ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਕਰਨ ਦੀਆਂ ਖਬਰਾਂ ਕਾਫੀ ਤੇਜ਼ੀ ਨਾਲ ਚਲੀਆਂ ਸਨ। ਇਹ ਵੀ ਚਰਚਾ ਸੀ ਕਿ ਗੱਠਜੋੜ ਨੂੰ ਲੈ ਕੇ ਭਾਜਪਾ ਹਾਈ ਕਮਾਂਡ ਨਾਲ ਮੀਟਿੰਗ ਵੀ ਹੋ ਚੁੱਕੀ ਹੈ। ਅੰਦਰਲੀ ਗੱਲ ਇਹ ਦੱਸੀ ਜਾ ਰਹੀ ਹੈ ਕਿ ਭਾਰਤੀ ਜਨਤਾ ਪਾਰਟੀ ਹੁਣ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਛੋਟੇ ਭਰਾ ਦੀ ਭੂਮਿਕਾ ਨਹੀਂ ਨਿਭਾਉਣਾ ਚਾਹੁੰਦੀ ਹੈ, ਜਿਸ ਕਰਕੇ ਸੀਟਾਂ ਦੀ ਗਿਣਤੀ ਨੂੰ ਲੈ ਕੇ ਬਖੇੜਾ ਖੜ੍ਹਾ ਹੋ ਗਿਆ ਸੀ। ਭਾਰਤੀ ਜਨਤਾ ਪਾਰਟੀ ਦੇ ਨਵ-ਨਿਯੁਕਤ ਪ੍ਰਧਾਨ ਸੁਨੀਲ ਜਾਖੜ ਨੇ ਆਪਣੇ ਪਹਿਲੇ ਭਾਸ਼ਣ ਵਿੱਚ ਹੀ ਸ਼੍ਰੋਮਣੀ ਅਕਾਲੀ ਦਲ ਨਾਲ ਰਲ ਕੇ ਨਾ ਤੁਰਨ ਦਾ ਫੈਸਲਾ ਸਪੱਸ਼ਟ ਕਰ ਦਿੱਤਾ ਸੀ। ਪਰ ਇਸ ਦਾ ਅਸਲ ਮੁੱਢ ਉਦੋਂ ਬੰਨ੍ਹਿਆ ਗਿਆ, ਜਿਸ ਦਿਨ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਵੱਲੋਂ ਯੂਨੀਫਾਰਮ ਸਿਵਲ ਕੋਡ ਨੂੰ ਲੈ ਕੇ ਇੱਕ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਸੀ।

ਸ਼੍ਰੋਮਣੀ ਅਕਾਲੀ ਦਲ ਨੂੰ ਸਿਆਸੀ ਤੌਰ 'ਤੇ ਨਤੀਜਾ ਚਾਹੇ ਕੋਈ ਵੀ ਭੁਗਤਣਾ ਪਵੇ, ਪਰ ਯੂਨੀਫਾਰਮ ਕੋਡ ਬਾਰੇ ਫ਼ੈਸਲੇ ਨਾਲ ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਇਤਿਹਾਸ ਦੁਹਰਾ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ, ਜਿਸ ਉੱਤੇ ਪੰਥਕ ਮੁੱਦੇ ਤਿਆਗਣ ਦੇ ਦੋਸ਼ ਲੱਗੇ ਸਨ, ਨੇ ਇਸ ਫ਼ੈਸਲੇ ਨਾਲ ਕੁਝ ਹੱਦ ਤਕ ਉਹ ਧੋਣ ਧੋਅ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਇੱਕ ਪੰਥਕ ਪਾਰਟੀ ਹੈ। ਖੇਤਰੀ ਪਾਰਟੀ ਵਜੋਂ ਇਸਦੀ ਆਪਣੀ ਇੱਕ ਲੋੜ ਅਤੇ ਅਹਿਮੀਅਤ ਵੀ ਹੈ, ਪਰ ਪਿਛਲੇ ਸਮੇਂ ਦੌਰਾਨ ਇਹ ਮੁੱਦਿਆਂ ਤੋਂ ਭਟਕ ਗਈ ਸੀ, ਜਿਸ ਕਰਕੇ ਲੋਕਾਂ ਨੇ ਆਪਣੀ ਨਾਰਾਜ਼ਗੀ ਖੁੱਲ੍ਹ ਕੇ ਜ਼ਾਹਿਰ ਕੀਤੀ ਸੀ।

ਸੁਖਬੀਰ ਸਿੰਘ ਬਾਦਲ ਨੇ ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਤੋਂ ਪਰੇ ਰਹਿਣ ਵੇਲੇ ਇੱਕ ਸਮਝ ਇਹ ਵੀ ਵਰਤੀ ਕਿ ਜੇ ਉਸ ਨੇ ਛੋਟੇ ਭਰਾ ਦੀ ਭੂਮਿਕਾ ਵਜੋਂ ਪੰਜਾਬ ਦੀ ਸਿਆਸਤ ਜਾਂ ਸਰਕਾਰ ਵਿੱਚ ਵਿਚਰਨਾ ਮੰਨ ਲਿਆ ਤਾਂ ਇੱਕ ਵੇਲਾ ਆਵੇਗਾ ਜਦੋਂ ਭਾਰਤੀ ਜਨਤਾ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਨਿਗਲ ਲਵੇਗੀ। ਭਾਰਤੀ ਜਨਤਾ ਪਾਰਟੀ ਦਾ ਇਤਿਹਾਸ ਇਸ ਸੋਚ ਉੱਤੇ ਮੋਹਰ ਲਾਉਂਦਾ ਹੈ। ਪੰਜਾਬ ਦੇ ਲੋਕ, ਵਿਸ਼ੇਸ਼ ਕਰਕੇ ਕਿਸਾਨ ਭਾਰਤੀ ਜਨਤਾ ਪਾਰਟੀ ਨੂੰ ਦਿਲੋਂ ਪ੍ਰਵਾਨ ਕਰਨ ਲਈ ਤਿਆਰ ਨਹੀਂ ਹੋਏ ਹਨ। ਉਂਜ ਸੁਨੀਲ ਜਾਖੜ ਨੂੰ ਪ੍ਰਧਾਨ ਐਲਾਨੇ ਜਾਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਵਿੱਚ ਵੀ ਸਾਰਾ ਕੁਝ ਅੱਛਾ ਨਹੀਂ ਰਿਹਾ।

ਸੁਖਬੀਰ ਸਿੰਘ ਬਾਦਲ ਨੂੰ ਪੰਥਕ ਮੁੱਦਿਆਂ ਅਤੇ ਪੰਜਾਬ ਦੇ ਮਸਲਿਆਂ ਬਾਰੇ ਠੋਸ ਸੰਘਰਸ਼ ਸ਼ੁਰੂ ਕਰਨ ਦੀ ਲੋੜ ਹੈ। ਸ਼੍ਰੋਮਣੀ ਅਕਾਲੀ ਦਲ ਕੁਰਬਾਨੀਆਂ ਦੀ ਪਾਰਟੀ ਵਜੋਂ ਜਾਣੀ ਜਾਂਦੀ ਹੈ, ਜੇ ਇਸ ਵਾਰ ਇਹ ਆਪਣਾ ਇਤਿਹਾਸ ਦੁਹਰਾਉਣਾ ਭੁੱਲ ਗਈ ਤਾਂ ਲੋਕ ਕਦੇ ਵੀ ਮੁਆਫ਼ ਨਹੀਂ ਕਰਨਗੇ। ਸ਼੍ਰੋਮਣੀ ਅਕਾਲੀ ਦਲ ਕੋਲ ਪੰਜਾਬ ਅਤੇ ਪੰਥ ਨਾਲ ਜੁੜੇ ਅਨੇਕਾਂ ਮੁੱਦੇ ਹਨ, ਜਿਨ੍ਹਾਂ ਨੂੰ ਲੈ ਕੇ ਪੰਜਾਬ ਵਿੱਚੋਂ ਭਾਰਤੀ ਜਨਤਾ ਪਾਰਟੀ ਦੇ ਪੈਰ ਉਖੇੜੇ ਜਾ ਸਕਦੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਹਾਲੇ ਆਪਣੇ ਪਿਤਾ ਦੇ ਹਾਣ ਦਾ ਸਿਆਸਤਦਾਨ ਬਣਨ ਲਈ ਬਹੁਤ ਗੁਰ ਸਿੱਖਣੇ ਪੈਣਗੇ। ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਦੇ ਭੋਗ ਮੌਕੇ ਇਹ ਤਾਂ ਕਹਿ ਦਿੱਤਾ ਸੀ ਕਿ ਉਹ ਆਪਣੇ ਪਿਤਾ ਜਿਹਾ ਸਿਆਣਾ ਸਿਆਸਤ ਦਾ ਨਹੀਂ ਬਣ ਸਕਦੇ, ਪਰ ਉਨ੍ਹਾਂ ਦੇ ਰਸਤੇ 'ਤੇ ਚੱਲਣ ਦੀ ਹਰ ਸੰਭਵ ਕੋਸ਼ਿਸ਼ ਕਰਨਗੇ। ਉਨ੍ਹਾਂ ਨੂੰ ਆਪਣੇ ਇਹ ਬੋਲ ਪੁਗਾਉਣੇ ਪੈਣਗੇ, ਨਹੀਂ ਤਾਂ ਜਾਣੇ-ਅਣਜਾਣੇ ਹੋਈਆਂ ਗਲਤੀਆਂ ਲਈ ਭੋਗ ਮੌਕੇ ਗਏ ਪੰਜਾਬੀਆਂ ਤੋਂ ਮੰਗੀ ਮੁਆਫੀ ਦਾ ਮੁੱਲ ਨਹੀਂ ਪੈਣਾ।

## ਭਾਜਪਾ ਲਈ ਤੀਜੀ ਪਾਰੀ ਖੇਡਣੀ ਆਸਾਨ ਨਹੀਂ

ਭਾਜਪਾ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਹੈਟ੍ਰਿਕ ਬਣਾਉਣ ਦੀ ਤਾਕ ਵਿੱਚ ਹੈ ਤੇ ਹਰ ਹੀਲਾ ਵਰਤਣ ਲੱਗੀ ਹੈ। ਇੱਕ ਵਿਸ਼ੇਸ਼ ਵਰਗ ਦੇ ਭਾਈਚਾਰੇ ਦੀਆਂ ਵੋਟਾਂ ਪੱਕੀਆਂ ਕਰਨ ਲਈ ਫਿਰਕਾਪ੍ਰਸਤੀ ਦੀ ਖੇਡ ਖੇਡਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾ ਰਿਹਾ। ਦੂਜੇ ਬੰਨੇ ਭਾਜਪਾ ਨੂੰ ਕੇਂਦਰ ਵਿੱਚੋਂ ਆਊਟ ਕਰਨ ਲਈ ਅਤੇ ਤੀਜੀ ਪਾਰੀ ਨਾ ਖੇਡਣ ਦੇਣ ਲਈ ਵਿਰੋਧੀ ਧਿਰਾਂ ਇਕੱਠੀਆਂ ਹੋਣ ਲੱਗੀਆਂ ਹਨ, ਜਿਸ ਨੇ ਭਾਜਪਾ ਦਾ ਫਿਕਰ ਵਧਾ ਦਿੱਤਾ ਹੈ।

ਦੇਸ਼ ਦੀਆਂ ਵੱਖ-ਵੱਖ ਸਤਾਰਾਂ ਵਿਰੋਧੀ ਪਾਰਟੀਆਂ ਨੇ ਪਟਨਾ ਵਿਖੇ ਆਪਣੀ ਪਲੇਠੀ ਮੀਟਿੰਗ ਕਰਕੇ ਭਾਜਪਾ ਵਿਰੋਧੀ ਮੰਚ ਖੜ੍ਹਾ ਕਰ ਲਿਆ ਸੀ। ਹੁਣ ਅੱਠ ਹੋਰ ਸਿਆਸੀ ਪਾਰਟੀਆਂ ਨੇ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਹੈ। ਭਾਜਪਾ ਲਈ ਖੇਡ ਏਨੀ ਸੌਖੀ ਨਹੀਂ ਰਹੀ, ਜਿੰਨੀ ਕਿ ਪਹਿਲਾਂ ਸਮਝੀ ਜਾ ਰਹੀ ਸੀ।

ਵਿਰੋਧੀ ਧਿਰਾਂ ਦੇ ਇੱਕ ਮੰਚ ਉੱਤੇ ਇਕੱਠੇ ਹੋਣ ਦਾ ਮੁੱਢ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਬੰਨਿਆ ਗਿਆ ਹੈ। ਕੇਜਰੀਵਾਲ ਦੀ ਮੁਹਿੰਮ ਨੂੰ ਪੂਰੀ ਤਰ੍ਹਾਂ ਬੂਰ ਤਾਂ ਨਹੀਂ ਪੈ ਸਕਿਆ, ਪਰ ਵਿਰੋਧੀ ਧਿਰਾਂ ਦੇ ਇੱਕ ਮੰਚ 'ਤੇ ਇਕੱਠਿਆਂ ਹੋਣ ਦਾ ਮੁੱਢ ਜ਼ਰੂਰ ਬੱਝ ਗਿਆ ਹੈ। ਕਾਂਗਰਸ ਦੇ ਪ੍ਰਧਾਨ ਅਰਜਨ ਖੜਗੇ ਦਾ ਦਾਅਵਾ ਹੈ ਕਿ ਵਿਰੋਧੀ ਧਿਰਾਂ ਦੀ ਪਹਿਲੀ ਮੀਟਿੰਗ ਬਹੁਤ ਸਫਲ ਰਹੀ ਸੀ, ਕਿਉਂਕਿ ਉਸ ਮੀਟਿੰਗ ਵਿੱਚ ਉਨ੍ਹਾਂ ਮੁੱਦਿਆਂ ਉੱਤੇ ਚਰਚਾ ਕੀਤੀ ਗਈ ਸੀ, ਜਿਹੜੇ ਦੇਸ਼ ਲਈ ਖਤਰੇ ਖੜ੍ਹੇ ਕਰ ਰਹੇ ਹਨ। ਵਿਰੋਧੀ ਧਿਰਾਂ ਨੂੰ ਇਕੱਠਿਆਂ ਕਰਨ ਲਈ ਜਿੱਥੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਹਿਮ ਭੂਮਿਕਾ ਨਿਭਾਅ ਰਹੇ ਹਨ, ਉੱਥੇ ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਵੀ ਪੂਰਾ ਤਾਣ ਲਾ ਰਹੇ ਹਨ। ਵਿਰੋਧੀ ਧਿਰਾਂ ਇੱਕ ਸਟੇਜ 'ਤੇ ਇਕੱਠੀਆਂ ਹੋ ਜਾਂਦੀਆਂ ਹਨ ਤਾਂ ਲੋਕ ਸਭਾ ਦੀਆਂ ਅਗਲੀਆਂ ਚੋਣਾਂ ਵਿੱਚ ਭਾਜਪਾ ਨੂੰ ਆਊਟ ਕਰਨਾ ਵਧੇਰੇ ਮੁਸ਼ਕਿਲ ਨਹੀਂ ਹੋਵੇਗਾ। ਵਿਰੋਧੀ ਧਿਰਾਂ ਦੇ ਪਿਛਲੇ ਇਤਿਹਾਸ 'ਤੇ ਝਾਤ ਮਾਰ ਲਈਏ ਤਾਂ ਇਕੱਠ ਅੱਧ ਵਿਚਾਲੇ ਟੁੱਟ ਜਾਂਦੇ ਰਹੇ ਹਨ। ਬਹੁਤ ਵਾਰੀ ਟਿਕਟਾਂ ਦੀ ਵੰਡ ਨੂੰ ਲੈ ਕੇ ਰੌਲਾ ਪੈ ਜਾਂਦਾ ਹੈ। ਕਦੇ ਕਦੇ ਪ੍ਰਧਾਨ ਮੰਤਰੀ ਦੀ ਕੁਰਸੀ ਵੀ ਖਿੱਚੋਤਾਣ ਦਾ ਕੇਂਦਰ ਬਣ ਜਾਂਦੀ ਹੈ। ਜੇ ਉਪਰਲੀ ਲੀਡਰਸ਼ਿਪ ਇੱਕ ਹੋ ਵੀ ਜਾਵੇ, ਲੋਕ ਸਭਾ ਜਾਂ ਵਿਧਾਨ ਸਭਾ ਹਲਕਾ ਪੱਧਰ ਉੱਤੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਲੀਡਰ ਇੱਕ-ਦੂਜੇ ਨਾਲ ਭਿੜ ਪੈਂਦੇ ਹਨ।

ਸਮਝਿਆ ਜਾ ਰਿਹਾ ਹੈ ਕਿ ਏਕੇ ਦੀਆਂ ਇਨ੍ਹਾਂ ਕੋਸ਼ਿਸ਼ਾਂ ਦਰਮਿਆਨ ਵਿਰੋਧੀ ਪਾਰਟੀਆਂ ਭਾਰਤੀ ਜਨਤਾ ਪਾਰਟੀ ਦੇ ਖਿਲਾਫ਼ ਇੱਕੋ ਸਾਂਝਾ ਉਮੀਦਵਾਰ ਖੜ੍ਹਾ ਕਰਨ ਉਤੇ ਰਜ਼ਾਮੰਦੀ ਬਣਾ ਸਕਦੀਆਂ ਹਨ। ਵਿਰੋਧੀ ਧਿਰਾਂ ਦੇ ਇਸ ਗੱਠਜੋੜ ਨਾਲ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਫਾਇਦਾ ਹੁੰਦਾ ਦਿਸਦਾ ਹੈ, ਕਿਉਂਕਿ ਭਾਜਪਾ ਵਾਸਤੇ ਪੁਰਾਣੇ ਭਾਈਵਾਲ ਨਾਲ ਗੱਠਜੋੜ ਕਰਨਾ ਮਜਬੂਰੀ ਬਣ ਸਕਦਾ ਹੈ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਭਾਜਪਾ ਲਈ ਚਾਹੇ ਬਹੁਤ ਜ਼ਿਆਦਾ ਅਹਿਮੀਅਤ ਨਹੀਂ ਰੱਖਦੀਆਂ ਹਨ, ਪਰ ਜਦੋਂ ਹੁਣ ਵਿਰੋਧੀ ਧਿਰਾਂ ਇਕੱਠੀਆਂ ਹੋਣ ਲੱਗੀਆਂ ਹਨ ਤਾਂ ਭਾਜਪਾ ਨੂੰ ਇੱਕ-ਇੱਕ ਵੋਟ ਦੀ ਲੋੜ ਹੋ ਸਕਦੀ ਹੈ। ਕਿਸੇ ਵੀ ਸਰਕਾਰ ਵਿੱਚ ਮਜ਼ਬੂਤ ਵਿਰੋਧੀ ਧਿਰ ਦਾ ਹੋਣਾ ਜਰੂਰੀ ਹੈ। ਭਾਰਤ ਨੂੰ ਅਜਿਹੀ ਸਰਕਾਰ ਦੀ ਲੋੜ ਹੈ, ਜਿਹਦੀ ਪਹਿਲ ਦੇਸ਼ ਦੀ ਅਖੰਡਤਾ, ਅਮਨ ਸ਼ਾਂਤੀ, ਭਾਈਚਾਰਕ ਸਾਂਝ ਅਤੇ ਮੁਲਕ ਦਾ ਵਿਕਾਸ ਹੋਵੇ। ਸੰਘੀ ਢਾਂਚਾ ਵੀ ਸਮੇਂ ਦੀ ਮੁੱਖ ਲੋੜ ਬਣ ਕੇ ਰਹਿ ਗਿਆ ਹੈ। ਭਾਜਪਾ ਦੀ ਹਕੂਮਤ ਦੌਰਾਨ ਸੰਘੀ ਢਾਂਚੇ ਦਾ ਗਲਾ ਸਭ ਤੋਂ ਬੁਰੀ ਤਰ੍ਹਾਂ ਘੁੱਟਿਆ ਗਿਆ ਹੈ।


**Matrimonial**

Seeking Jatsikh match in late twenties for 34, 6' handsome, turbaned, non-drinker male. Specialist doctor in USA. Issueless divorcee. Hobbies: Yoga. If interested, please contact at +1 217-891-2557 or ramnik80@gmail.com

**Seeking a Kidney Donor**

Seeking help to find a kidney donor for a Professor/Scientist who has been contributing his entire life to cancer research with many significant contributions. The cause of his health situation is unknown, but he does need a kidney transplant.

The national kidney transplant list has a LONG waiting time so need to find a donor soonest.



**ਗੁਰਦਾ ਦਾਨੀ ਦੀ ਭਾਲ**

ਇੱਕ ਪ੍ਰੋਫ਼ੈਸਰ/ਵਿਗਿਆਨੀ, ਜੋ ਇਸ ਖੇਤਰ ਵਿੱਚ ਬਹੁਤ ਸਾਰੇ ਮਹੱਤਵਪੂਰਨ ਯੋਗਦਾਨਾਂ ਦੇ ਨਾਲ ਕੈਂਸਰ ਖੋਜ ਵਿੱਚ ਆਪਣਾ ਸਾਰਾ ਜੀਵਨ ਲੇਖੇ ਲਾ ਰਿਹਾ ਹੈ, ਲਈ ਗੁਰਦਾ ਦਾਨੀ ਲੱਭਣ ਵਿੱਚ ਮਦਦ ਦੀ ਲੋੜ ਹੈ। ਉਸ ਦੀ ਸਿਹਤ ਦੀ ਸਥਿਤੀ ਦਾ ਕਾਰਨ ਅਣਜਾਣ ਹੈ, ਪਰ ਉਸ ਨੂੰ ਗੁਰਦੇ ਦੇ ਟ੍ਰਾਂਸਪਲਾਂਟ ਦੀ ਜ਼ਰੂਰਤ ਹੈ। ਰਾਸ਼ਟਰੀ ਕਿਡਨੀ ਟ੍ਰਾਂਸਪਲਾਂਟ ਸੂਚੀ ਵਿੱਚ ਲੰਬਾ ਸਮਾਂ ਹੈ, ਇਸ ਲਈ ਜਲਦੀ ਤੋਂ ਜਲਦੀ ਇੱਕ ਦਾਨੀ ਲੱਭਣ ਦੀ ਲੋੜ ਹੈ।


For more info., please contact: Email: sunnyraysshine@outlook.com or Ph: 224-836-1072

# ਪੰਜਾਬ ਸਪੋਰਟਸ ਕਲੱਬ ਸ਼ਿਕਾਗੋ

## ਵਰਲਡ ਕਬੱਡੀ ਕੱਪ ਸ਼ਿਕਾਗੋ

## 6 ਅਗਸਤ 2023 (ਐਤਵਾਰ)

**Busse Woods Elk Grove, IL 60007**



ਦੁਨੀਆਂ ਭਰ ਦੇ ਪ੍ਰਸਿੱਧ ਕਬੱਡੀ ਖਿਡਾਰੀ ਅਤੇ ਸੰਸਥਾਵਾਂ ਬਣਨਗੇ ਕਬੱਡੀ ਕੱਪ ਦਾ ਆਕਰਸ਼ਣ

***ਸਭ ਨੂੰ ਖੁੱਲ੍ਹਾ ਸੱਦਾ* *ਦਾਖਲਾ ਮੁਫਤ***

ਖਾਣ-ਪੀਣ ਦਾ ਖੁੱਲ੍ਹਾ ਤੇ ਸੁਰੱਖਿਆ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ

ਪ੍ਰਸਿੱਧ ਪੰਜਾਬੀ ਗਾਇਕ

## ਜੈਜ਼ੀ ਬੀ

ਸ਼ਾਮ 5 ਤੋਂ 7:30 ਵਜੇ ਤੱਕ ਦਰਸ਼ਕਾਂ ਦਾ ਮਨੋਰੰਜਨ ਕਰੇਗਾ



**Live Performance**

**Jazzy B**

### ਫਰੀ ਸ਼ਟਲ ਬੱਸ ਸੇਵਾ


ਮੇਲੇ ਲਈ ਗੁਰਦੁਆਰਾ ਪੈਲਾਟਾਈਨ ਤੋਂ ਦੁਪਹਿਰ 12 ਤੋਂ ਰਾਤ 8 ਵਜੇ ਤੱਕ ਹਰ 20 ਮਿੰਟ ਬਾਅਦ ਫਰੀ ਸ਼ਟਲ ਬੱਸ ਸੇਵਾ



Lucky Sahota
President



Santokh Ghuman
Vice President



Mukhtiar Singh
Happy Heer



Ajaib Singh
Lakhan



Dr. Harjinder Singh
Khaira



Jaskarn Singh
Dhaliwal



Midha Mahilpuria



Harwinder S. Billa



Narinder Singh Sra



Parwinder Singh



Hardeep Gill



Rajinder Diyal

ਸੰਪਰਕ: 847-489-7773, 847-338-3866, 847-544-1788, 630-398-7052, 630-479-0031, 630-290-7993